IJCRT.ORG ISSN : 2320-2882

INTERNATIONAL JOURNAL OF CREATIVE RESEARCH THOUGHTS (IJCRT)

An International Open Access, Peer-reviewed, Refereed Journal

# ਮਲਵਈ ਵਿਆਹ ਵਿੱਚ ਧਰਮ ਅਤੇ ਲੋਕ-ਧਰਮ: ਇਕ ਵਿਸ਼ਲੇਸ਼ਣਾਤਮਕ ਅਧਿਐਨ

ਡਾ. ਰਾਜਵੀਰ ਕੌਰ
ਸਹਾਇਕ ਪ੍ਰੋਫ਼ੈਸਰ
ਖ਼ਾਲਸਾ ਕਾਲਜ, ਪਟਿਆਲਾ

**ਐਬਸਟ੍ਰੈਕਟ:** ਮਾਲਵਾ ਖਿੱਤੇ ਦੇ ਵਿਆਹ ਸੰਸਕਾਰ ਵਿੱਚ ਧਰਮ ਅਤੇ ਲੋਕ-ਧਰਮ ਦੋ ਅਜਿਹੇ ਮਹੱਤਵਪੂਰਨ ਧੁਰੇ ਹਨ ਜੋ ਸਮਾਜਿਕ ਕੀਮਤਾਂ ਅਤੇ ਵਿਅਕਤੀਗਤ ਵਿਸ਼ਵਾਸਾਂ ਨੂੰ ਨਿਰੰਤਰ ਗਤੀਸ਼ੀਲਤਾ ਪ੍ਰਦਾਨ ਕਰਦੇ ਹਨ। ਜਿੱਥੇ '**ਧਰਮ**' ਆਪਣੇ ਸੰਸਥਾਗਤ ਸਰੂਪ, ਲਿਖਤੀ ਵਿਧਾਨ ਅਤੇ ਵਿਸ਼ਵ-ਵਿਆਪੀ ਦਾਰਸ਼ਨਿਕ ਸਿਧਾਂਤਾਂ ਰਾਹੀਂ ਮਨੁੱਖ ਨੂੰ ਇਕ ਅਨੁਸ਼ਾਸਿਤ ਜੀਵਨ-ਜੁਗਤ ਅਤੇ ਰੂਹਾਨੀ ਤ੍ਰਿਪਤੀ ਵੱਲ ਪ੍ਰੇਰਿਤ ਕਰਦਾ ਹੈ, ਉੱਥੇ '**ਲੋਕ-ਧਰਮ**' (Folk Religion) ਕਿਸੇ ਖ਼ਾਸ ਖਿੱਤੇ ਦੀਆਂ ਸਥਾਨਕ ਲੋੜਾਂ, ਪਰੰਪਰਾਵਾਂ ਅਤੇ ਲੋਕ-ਮਾਨਸਿਕਤਾ ਦੀ ਉਪਜ ਹੁੰਦਾ ਹੈ। ਲੋਕ-ਧਰਮ ਅਸਲ ਵਿੱਚ ਧਰਮ ਦਾ ਉਹ ਰੂਪ ਹੈ ਜੋ ਸਿਧਾਂਤਕ ਗਿਆਨ ਦੀ ਥਾਂ ਮਨੁੱਖੀ ਤਜ਼ਰਬਿਆਂ, ਡਰਾਂ ਅਤੇ ਦੁਨਿਆਵੀ ਉਮੰਗਾਂ ਵਿੱਚੋਂ ਪੈਦਾ ਹੁੰਦਾ ਹੈ। ਮਾਲਵਾ ਖੇਤਰ ਦੇ ਸੰਦਰਭ ਵਿੱਚ ਧਰਮ ਅਤੇ ਲੋਕ-ਧਰਮ ਦੋਵੇਂ ਧਾਰਾਵਾਂ ਇਕ-ਦੂਜੇ ਵਿੱਚ ਅਜਿਹੀਆਂ ਰਚੀਆਂ-ਵਸੀਆਂ ਹੋਈਆਂ ਹਨ ਕਿ ਇਨ੍ਹਾਂ ਨੂੰ ਨਿਖੇੜਨਾ ਲਗਭਗ ਅਸੰਭਵ ਹੈ। ਜਿੱਥੇ ਵਿਆਹ ਵਰਗੇ ਵੱਡੇ ਕਾਰਜਾਂ ਸਮੇਂ ਮੁੱਖ ਧਾਰਮਿਕ ਗ੍ਰੰਥਾਂ ਦੀ ਮਰਯਾਦਾ ਨਿਭਾਈ ਜਾਂਦੀ ਹੈ ਉੱਥੇ ਨਾਲ ਹੀ ਪੁਰਖਿਆਂ (ਜਠੇਰਿਆਂ), ਖੇਤਰਪਾਲ, ਭੂਮੀਆ ਅਤੇ ਸਤੀਆਂ ਦੀ ਅਰਾਧਨਾ ਵੀ ਆਪਣੀ ਮਿੱਟੀ, ਕਿੱਤੇ ਅਤੇ ਪੁਰਖਿਆਂ ਨਾਲ ਜੁੜੇ ਡੂੰਘੇ ਮੋਹ ਦਾ ਪ੍ਰਗਟਾਵਾ ਹੈ। ਵਿਆਹ ਦੀਆਂ ਰਸਮਾਂ ਦੌਰਾਨ ਇਨ੍ਹਾਂ ਦੋਵਾਂ ਸ਼ਕਤੀਆਂ ਦੀ ਮੌਜੂਦਗੀ ਮਾਲਵਾ ਖਿੱਤੇ ਦੇ ਸਮਾਜਿਕ ਤਾਣੇ-ਬਾਣੇ ਦੀ ਮਜ਼ਬੂਤੀ ਅਤੇ ਸਭਿਆਚਾਰਕ ਨਿਰੰਤਰਤਾ ਦਾ ਸਭ ਤੋਂ ਵੱਡਾ ਪ੍ਰਮਾਣ ਹੈ।

**ਕੁੰਜੀਵਤ ਸ਼ਬਦ:** ਧਰਮ, ਲੋਕ-ਧਰਮ, ਮਲਵਈ ਵਿਆਹ, ਵੰਨ-ਸੁਵੰਨਤਾ, ਸੰਸਥਾਗਤ ਮਰਯਾਦਾ, ਪਰੰਪਰਾਗਤ ਵਿਸ਼ਵਾਸ

ਮਲਵਈ ਸਭਿਆਚਾਰਕ ਪਰਿਪੇਖ ਵਿੱਚ ਧਰਮ ਅਤੇ ਲੋਕ-ਧਰਮ ਦੋ ਅਜਿਹੀਆਂ ਸਮਾਨਾਂਤਰ ਧਾਰਾਵਾਂ ਹਨ ਜੋ ਇਕ-ਦੂਜੇ ਦੇ ਵਿਰੋਧ ਵਿੱਚ ਖੜ੍ਹਨ ਦੀ ਬਜਾਏ ਇਕ-ਦੂਜੇ ਦੇ ਪੂਰਕ ਵਜੋਂ ਕਾਰਜਸ਼ੀਲ ਹਨ। ਜਿੱਥੇ '**ਧਰਮ**' (ਸਿੱਖ, ਹਿੰਦੂ, ਇਸਲਾਮ ਜਾਂ ਈਸਾਈ) ਜੀਵਨ ਨੂੰ ਇਕ ਸੰਸਥਾਗਤ ਢਾਂਚਾ, ਨੈਤਿਕ ਵਿਧਾਨ ਅਤੇ ਅਧਿਆਤਮਿਕ ਦਿਸ਼ਾ ਪ੍ਰਦਾਨ ਕਰਦਾ ਹੈ ਉੱਥੇ '**ਲੋਕ-ਧਰਮ**' ਮਨੁੱਖੀ ਮਨ ਦੀਆਂ ਸਥਾਨਕ ਲੋੜਾਂ, ਪੁਰਾਤਨ ਵਿਸ਼ਵਾਸਾਂ ਅਤੇ ਮਨੋਵਿਗਿਆਨਕ ਅਸੁਰੱਖਿਆਵਾਂ ਨੂੰ ਸੰਬੋਧਿਤ ਹੁੰਦਾ ਹੈ। ਵਿਆਹ ਵਰਗੇ ਅਹਿਮ ਸੰਸਕਾਰ ਸਮੇਂ ਇਹ ਪੂਰਕਤਾ ਹੋਰ ਵੀ ਪ੍ਰਬਲ ਰੂਪ ਵਿੱਚ ਉੱਭਰ ਕੇ ਸਾਹਮਣੇ ਆਉਂਦੀ ਹੈ ਜਦੋਂ ਇਕ ਗੁਰਸਿੱਖ ਪਰਿਵਾਰ ਗੁਰੂ-ਮਰਯਾਦਾ ਅਨੁਸਾਰ 'ਅਨੰਦ-ਕਾਰਜ' ਦੀ ਰਸਮ ਨਿਭਾਉਣ ਤੋਂ ਬਾਅਦ ਆਪਣੇ ਜਠੇਰਿਆਂ ਜਾਂ ਖੇੜੇ ਦੀ ਜਗ੍ਹਾ 'ਤੇ ਮੱਥਾ ਟੇਕਣ ਜਾਂਦਾ ਹੈ ਤਾਂ ਇਹ ਕਿਸੇ ਦਾਰਸ਼ਨਿਕ ਟਕਰਾਅ ਦਾ ਪ੍ਰਤੀਕ ਨਹੀਂ ਸਗੋਂ ਧਰਮ ਅਤੇ ਲੋਕ-ਪਰੰਪਰਾ ਦੇ ਸੁਖਾਵੇਂ ਸੁਮੇਲ ਦਾ ਪ੍ਰਗਟਾਵਾ ਹੁੰਦਾ ਹੈ।

ਮਾਨਵੀ ਜੀਵਨ ਦੇ ਸਮਾਜਿਕ ਅਤੇ ਸਭਿਆਚਾਰਕ ਨਿਰਮਾਣ ਵਿੱਚ ਧਰਮ ਇਕ ਬੁਨਿਆਦੀ ਤੱਤ ਵਜੋਂ ਕਾਰਜਸ਼ੀਲ ਰਿਹਾ ਹੈ ਜੋ ਨਾ ਕੇਵਲ ਮਨੁੱਖੀ ਚੇਤਨਾ ਨੂੰ ਪ੍ਰਭਾਵਿਤ ਕਰਦਾ ਹੈ ਸਗੋਂ ਉਸ ਦੇ ਨੈਤਿਕ ਆਚਰਣ ਅਤੇ ਜੀਵਨ-ਵਿਹਾਰ ਨੂੰ ਵੀ ਇਕ ਨਿਸ਼ਚਿਤ ਦਿਸ਼ਾ ਪ੍ਰਦਾਨ ਕਰਦਾ ਹੈ। ਪੰਜਾਬ ਦਾ ਮਾਲਵਾ ਖਿੱਤਾ ਜੋ ਆਪਣੀ ਭੂਗੋਲਿਕ ਅਤੇ ਨਸਲੀ ਵੰਨ-ਸੁਵੰਨਤਾ ਲਈ ਜਾਣਿਆ ਜਾਂਦਾ ਹੈ ਉੱਥੇ ਧਰਮ ਦਾ ਸਰੂਪ ਅਤਿਅੰਤ ਜਟਿਲ ਅਤੇ ਦਿਲਚਸਪ ਹੈ। ਇਸ ਖੇਤਰ ਵਿੱਚ '**ਧਰਮ**' (ਸੰਸਥਾਗਤ ਮਰਯਾਦਾ) ਅਤੇ '**ਲੋਕ-ਧਰਮ**' (ਪਰੰਪਰਾਗਤ ਵਿਸ਼ਵਾਸ) ਦੋ ਸਮਾਨਾਂਤਰ ਧਾਰਾਵਾਂ ਵਜੋਂ ਪ੍ਰਵਾਹਮਾਨ ਹਨ। ਮਲਵਈ ਵਿਆਹ-ਪ੍ਰਬੰਧ ਵਿੱਚ ਇਹਨਾਂ ਦੋਵਾਂ ਦਾ ਸੁਮੇਲ ਸਪੱਸ਼ਟ ਰੂਪ ਵਿੱਚ ਦ੍ਰਿਸ਼ਟੀਗੋਚਰ ਹੁੰਦਾ ਹੈ ਜਿੱਥੇ ਵਿਆਹ ਵਰਗੇ ਅਹਿਮ ਸਮਾਜਿਕ ਸੰਸਕਾਰ ਨੂੰ ਧਾਰਮਿਕ ਮਾਨਤਾ (ਅਨੰਦ-ਕਾਰਜ, ਫੇਰੇ, ਨਿਕਾਹ ਆਦਿ) ਰਾਹੀਂ ਪਵਿੱਤਰਤਾ ਪ੍ਰਦਾਨ ਕੀਤੀ ਜਾਂਦੀ ਹੈ ਉੱਥੇ ਹੀ ਲੋਕ-ਧਰਮ ਦੇ ਅੰਤਰਗਤ ਸਥਾਨਕ ਦੇਵੀ-ਦੇਵਤਿਆਂ, ਜਠੇਰਿਆਂ ਅਤੇ ਗਰਾਮ-ਦਿਉਤਿਆਂ ਦੀ ਅਰਾਧਨਾ ਇਸ ਨੂੰ ਖੇਤਰੀ ਅਤੇ ਸਭਿਆਚਾਰਕ ਜੜ੍ਹਾਂ ਨਾਲ ਜੋੜਦੀ ਹੈ। ਅਸਲ ਵਿੱਚ ਮਾਲਵੇ ਦਾ ਵਿਆਹ-ਪ੍ਰਬੰਧ ਮਹਿਜ਼ ਇਕ ਪਰਿਵਾਰਕ ਮਿਲਣੀ ਨਹੀਂ ਸਗੋਂ ਇਕ ਅਜਿਹਾ ਗੁੰਝਲਦਾਰ ਵਰਤਾਰਾ ਹੈ ਜਿੱਥੇ ਅਧਿਆਤਮਿਕ ਤ੍ਰਿਪਤੀ ਅਤੇ ਦੁਨਿਆਵੀ ਲੋੜਾਂ ਇਕ-ਦੂਜੇ ਦੇ ਪੂਰਕ ਬਣ ਕੇ ਸਾਹਮਣੇ ਆਉਂਦੀਆਂ ਹਨ। ਪ੍ਰਸਤੁਤ ਖੋਜ-ਪੱਤਰ ਮਲਵਈ ਜੀਵਨ-ਜੁਗਤ ਵਿੱਚ ਧਰਮ ਅਤੇ ਲੋਕ-ਧਰਮ ਦੇ ਇਸੇ ਅਟੁੱਟ ਸੰਬੰਧ ਅਤੇ ਵਿਆਹ-ਸੰਸਕਾਰ ਵਿੱਚ ਇਹਨਾਂ ਦੀ ਸਾਰਥਕਤਾ ਦਾ ਵਿਸ਼ਲੇਸ਼ਣਾਤਮਕ ਅਧਿਐਨ ਪੇਸ਼ ਕਰਨ ਦਾ ਇਕ ਨਿਮਾਣਾ ਜਿਹਾ ਯਤਨ ਹੈ।

ਮਾਨਵੀ ਜੀਵਨ ਵਿੱਚ ਧਰਮ ਦੀ ਭੂਮਿਕਾ ਅਤਿ ਮਹੱਤਵਪੂਰਨ ਰਹੀ ਹੈ। ਇਹ ਨਾ ਕੇਵਲ ਮਨੁੱਖੀ ਮਨ ਦੀਆਂ ਪਰਤਾਂ ਨੂੰ ਪ੍ਰਭਾਵਿਤ ਕਰਦਾ ਹੈ ਸਗੋਂ ਉਸ ਦੇ ਸਮਾਜਿਕ ਆਚਰਣ ਅਤੇ ਵਿਹਾਰ ਨੂੰ ਘੜਨ ਵਿੱਚ ਵੀ ਨਿਰਣਾਇਕ ਯੋਗਦਾਨ ਪਾਉਂਦਾ ਹੈ। ਅਸਲ ਵਿੱਚ ਧਰਮ ਲੋਕ-ਮਾਨਸ ਵਿੱਚ ਰਚੀਆਂ-ਵਸੀਆਂ ਪੁਰਾਤਨ ਰੀਤਾਂ ਅਤੇ ਪਰੰਪਰਾਗਤ ਮਾਨਤਾਵਾਂ ਦੀ ਬੁਨਿਆਦ 'ਤੇ ਖੜ੍ਹਾ ਹੁੰਦਾ ਹੈ। ਇਹ ਇਕ ਅਜਿਹਾ ਤੱਤ ਹੈ ਜੋ ਜਨ-ਜੀਵਨ ਨੂੰ ਇਕ ਮਜ਼ਬੂਤ ਅਧਾਰ ਮੁਹੱਈਆ ਕਰਵਾਉਂਦਾ ਹੈ। ਕਿਸੇ ਸਮਾਜ ਦਾ ਅਧਿਐਨ ਉਸ ਦੇ ਧਾਰਮਿਕ ਵਰਤਾਰਿਆਂ ਨੂੰ ਸਮਝਣ ਤੋਂ ਬਗੈਰ ਸਹੀ ਰੂਪ ਵਿਚ ਨਹੀਂ ਕੀਤਾ ਜਾ ਸਕਦਾ। ਮਾਲਵਾ ਖੇਤਰ ਦੀ ਗੱਲ ਕਰੀਏ ਤਾਂ ਇੱਥੇ ਵੱਖੋ-ਵੱਖਰੀਆਂ ਜਾਤਾਂ, ਗੋਤਾਂ ਅਤੇ ਮਜ਼੍ਹਬਾਂ ਨਾਲ ਸੰਬੰਧਿਤ ਲੋਕਾਂ ਦਾ ਵਸੇਬਾ ਹੈ। ਹਰੇਕ ਵਰਗ ਦੀ ਆਪਣੀ ਨਿਵੇਕਲੀ ਜੀਵਨ-ਸ਼ੈਲੀ, ਖੁਰਾਕ, ਪਹਿਰਾਵਾ, ਭਾਸ਼ਾ, ਰਸਮ-ਰਿਵਾਜ ਅਤੇ ਵਿਸ਼ਵਾਸ ਹਨ। ਮਾਲਵੇ ਦੇ ਜਨ-ਜੀਵਨ ਵਿੱਚ ਵਿੱਦਿਅਕ ਪੱਧਰ, ਆਰਥਿਕ ਸਥਿਤੀ, ਜਾਤ-ਪਾਤ ਅਤੇ ਲੋਕ-ਧਰਮ ਦੇ ਕਾਰਨ ਕਾਫੀ

ਸਮਾਜਿਕ ਅਤੇ ਸਭਿਆਚਾਰਕ ਵੰਨ-ਸੁਵੰਨਤਾ ਦੇਖਣ ਨੂੰ ਮਿਲਦੀ ਹੈ। ਇਹ ਵਖਰੇਵੇਂ ਮਲਵਈ ਜੀਵਨ ਦੇ ਹਰ ਪਹਿਲੂ ਨੂੰ ਗਹਿਰਾਈ ਤੱਕ ਪ੍ਰਭਾਵਿਤ ਕਰਦੇ ਹਨ। ਰਿਸ਼ਤੇ ਦੀ ਚੋਣ ਵੇਲੇ ਧਰਮ, ਗੋਤ, ਪੜ੍ਹਾਈ-ਲਿਖਾਈ ਅਤੇ ਮਾਲੀ ਹਾਲਤ (ਜ਼ਮੀਨ-ਜਾਇਦਾਦ) ਨੂੰ ਬੜੀ ਬਾਰੀਕੀ ਨਾਲ ਘੋਖਿਆ ਜਾਂਦਾ ਹੈ ਭਾਵ ਰਿਸ਼ਤਾ ਤੈਅ ਕਰਨ ਤੋਂ ਪਹਿਲਾਂ ਪਰਿਵਾਰਕ ਪਿਛੋਕੜ, ਜਾਤ-ਗੋਤ ਦੀ ਸਾਂਝ ਅਤੇ ਲੜਕੇ-ਲੜਕੀ ਦੀ ਯੋਗਤਾ ਦੀ ਸੰਪੂਰਨ ਪੜਚੋਲ ਕਰਨਾ ਮਲਵਈ ਸੱਭਿਆਚਾਰ ਦਾ ਅਹਿਮ ਹਿੱਸਾ ਹੈ।

ਧਰਮ ਮਨੁੱਖ ਦੀ ਹਰ ਸਮਾਜਿਕ ਕਿਰਿਆ ਨੂੰ ਪ੍ਰਭਾਵਿਤ ਕਰਦਾ ਹੈ ਅਤੇ ਇਸ ਉੱਪਰ ਆਪਣੀ ਪ੍ਰਵਾਨਗੀ ਅਤੇ ਪਛਾਣ ਦੀ ਮੋਹਰ ਲਾ ਕੇ ਉਸ ਨੂੰ ਸ਼ੁੱਭ ਅਤੇ ਪਵਿੱਤਰ ਬਣਾਉਣ ਦਾ ਯਤਨ ਕਰਦਾ ਹੈ। ਪ੍ਰਾਚੀਨ ਸਮੇਂ ਤੋਂ ਹੀ ਮਨੁੱਖੀ ਜੀਵਨ ਨਾਲ ਸੰਬੰਧਿਤ ਅਨੇਕ ਮਹੱਤਵਪੂਰਨ ਕਾਰਜ ਧਰਮ ਨਾਲ ਜੁੜੇ ਹੋਏ ਹਨ। ਮਨੁੱਖ ਦੇ ਜਨਮ ਤੋਂ ਲੈ ਕੇ ਉਸਦੀ ਮੌਤ ਤੱਕ ਦੀਆਂ ਰਸਮਾਂ ਧਰਮ 'ਤੇ ਅਧਾਰਿਤ ਹਨ। ਮਨੁੱਖ ਇਹ ਵਿਸ਼ਵਾਸ ਕਰਦਾ ਹੈ ਕਿ ਗੈਬੀ ਸ਼ਕਤੀ ਉਸ ਤੋਂ ਵਧੇਰੇ ਸ਼ਕਤੀਸ਼ਾਲੀ ਹੈ ਜਿਸ ਦੀ ਅਦਿੱਖ ਹੋਂਦ ਇਸ ਸੰਸਾਰ ਵਿਚ ਵਿਦਮਾਨ ਹੈ। ਲੋਕ-ਮਨ ਅਨੁਸਾਰ ਉਹ ਸ਼ਕਤੀ ਹੀ ਪ੍ਰਕਿਰਤੀ ਅਤੇ ਮਨੁੱਖ ਦੀ ਸਿਰਜਕ ਹੈ। ਲੋਕ-ਮਨ ਅਨੁਸਾਰ ਸੰਸਾਰ ਵਿਚ ਜੋ ਵਾਪਰਦਾ ਹੈ ਉਹ ਉਸੇ ਸ਼ਕਤੀ ਦੀ ਕ੍ਰਿਪਾ ਹੁੰਦੀ ਹੈ। ਡਾ. ਆਰ. ਸਚਦੇਵ ਦੇ ਸਬਦਾਂ ਵਿਚ, "ਧਰਮ ਤੋਂ ਭਾਵ ਇਕ ਐਸੀ ਸ਼ਕਤੀ ਵਿਚ ਵਿਸ਼ਵਾਸ ਹੈ ਜੋ ਸਦਾ ਮਨੁੱਖ ਉੱਪਰ ਹਾਵੀ ਰਹਿੰਦੀ ਹੈ ਅਤੇ ਜਿਸ ਬਾਰੇ ਇਹ ਯਕੀਨ ਕੀਤਾ ਜਾਂਦਾ ਹੈ ਕਿ ਉਹ ਪ੍ਰਕਿਰਤੀ ਅਤੇ ਮਨੁੱਖ ਦਾ ਕਾਰੋਬਾਰ ਚਲਾਉਂਦੀ ਹੈ ਅਤੇ ਉਸਨੂੰ ਕੰਟਰੋਲ ਕਰਦੀ ਹੈ।"[1] ਧਰਮ ਸਮਾਜਿਕ ਸੰਗਠਨ ਦਾ ਮੁੱਢਲਾ ਸਾਧਨ ਹੈ। ਸਮਾਜਿਕ ਸਮੂਹਾਂ ਵਿਚ ਵਿਅਕਤੀ ਦੇ ਜਨਮ, ਨਾਮਕਰਨ, ਵਿਆਹ, ਮੌਤ ਅਤੇ ਸ਼ੁੱਭ ਕੰਮ ਦੀ ਸ਼ੁਰੂਆਤ ਕਰਨ ਨਾਲ ਅਨੇਕ ਤਰ੍ਹਾਂ ਦੇ ਧਾਰਮਿਕ ਵਿਸ਼ਵਾਸ ਤੇ ਸੰਸਕਾਰ ਪ੍ਰਚਲਿਤ ਹਨ। ਇਨ੍ਹਾਂ ਸੰਸਕਾਰਾਂ ਦੀ ਲੜੀ ਨੂੰ ਹੀ ਧਰਮ ਕਿਹਾ ਜਾਂਦਾ ਹੈ। ਸੰਸਾਰ ਦੇ ਹਰ ਧਰਮ ਦੇ ਆਪਣੇ ਸੰਸਕਾਰ ਹੁੰਦੇ ਹਨ। ਏਸੇ ਤਰ੍ਹਾਂ ਪੰਜਾਬ ਵਿਚਲੇ ਮਾਲਵੇ ਦੇ ਖੇਤਰ ਵਿਚ ਵੱਖ-ਵੱਖ ਧਰਮਾਂ ਦੇ ਨਾਲ ਸੰਬੰਧਿਤ ਲੋਕ ਰਹਿੰਦੇ ਹਨ ਜਿਵੇਂ ਕਿ ਹਿੰਦੂ, ਇਸਲਾਮ, ਸਿੱਖ ਅਤੇ ਈਸਾਈ। ਹਿੰਦੂ ਅਤੇ ਸਿੱਖ ਧਰਮ ਵਿਚ ਵਿਆਹ ਨੂੰ ਮੁੱਖ ਤੌਰ 'ਤੇ ਧਾਰਮਿਕ ਸੰਸਕਾਰ ਮੰਨਿਆ ਜਾਂਦਾ ਹੈ ਅਤੇ ਇਸਲਾਮ ਅਤੇ ਈਸਾਈ ਧਰਮ ਵਿਚ ਵਿਆਹ ਨੂੰ ਸਮਝੌਤਾ ਅਤੇ ਪ੍ਰਭੂ ਪ੍ਰਾਪਤੀ ਦਾ ਸਾਧਨ ਮੰਨਦੇ ਹਨ। ਹਿੰਦੂ ਧਰਮ ਵਿਚ ਫੇਰਿਆਂ ਦੀ ਰਸਮ ਇਕ ਧਾਰਮਿਕ ਵਰਤਾਰਾ ਹੈ ਜਿਸ ਦੇ ਅੰਤਰਗਤ ਲਾੜਾ-ਲਾੜੀ ਅਗਨੀ ਨੂੰ ਗਵਾਹ ਮੰਨ ਕੇ ਪਤੀ-ਪਤਨੀ ਦੇ ਸੰਪੂਰਨ ਬੰਧਨ ਵਿਚ ਬੱਝਦੇ ਹਨ। ਸਿੱਖ ਧਰਮ ਵਿਚ ਵਿਆਹ ਨੂੰ ਜੀਵਨ ਮੁਕਤੀ ਦੀ ਅਵਸਥਾ ਤੱਕ ਪਹੁੰਚਾਉਣ ਦਾ ਮਾਧਿਅਮ ਮੰਨਿਆ ਜਾਂਦਾ ਹੈ। ਸਿੱਖ ਧਰਮ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਲਾਵਾਂ ਲੈ ਕੇ ਲਾੜਾ-ਲਾੜੀ ਵਿਆਹ ਦੇ ਪਵਿੱਤਰ ਬੰਧਨ ਵਿਚ ਬੱਝਦੇ ਹਨ ਜਦੋਂ ਕਿ ਇਸਲਾਮ ਧਰਮ ਵਿਚ ਵਿਆਹ ਨੂੰ ਇਕ ਸਮਾਜਿਕ ਸਮਝੌਤਾ ਸਵੀਕਾਰ ਕੀਤਾ ਗਿਆ ਹੈ ਅਤੇ ਕਾਜੀ ਦੁਆਰਾ ਕੁਰਾਨ ਵਿਚੋਂ ਚਾਰ ਆਇਤਾਂ ਦਾ ਪਾਠ ਕਰਨ ਉਪਰੰਤ ਲਾੜਾ-ਲਾੜੀ ਤੋਂ ਇਕ-ਦੂਜੇ ਨੂੰ ਪਤੀ-ਪਤਨੀ ਦੇ ਰੂਪ ਵਿਚ ਸਵੀਕਾਰ ਕਰਨ ਬਾਰੇ ਪੁੱਛਦਾ ਹੈ ਤੇ ਲਾੜਾ-ਲਾੜੀ ਦੋਵਾਂ ਵੱਲੋਂ ਸਹਿਮਤੀ ਪ੍ਰਗਟ ਕਰਨ ਉਪਰੰਤ ਨਿਕਾਹ ਦੀ ਰਸਮ ਸੰਪੰਨ ਕੀਤੀ ਜਾਂਦੀ ਹੈ। ਈਸਾਈ ਧਰਮ ਵਿਚ ਵਿਆਹ ਨੂੰ ਆਪਸੀ ਸਮਝੌਤਾ ਅਤੇ ਈਸ਼ਵਰ ਪ੍ਰਾਪਤੀ ਦਾ ਮੁੱਖ ਸਾਧਨ ਮੰਨਦੇ ਹਨ। ਲਾੜਾ-ਲਾੜੀ ਪਾਦਰੀ ਦੇ ਪੁੱਛਣ ਅਨੁਸਾਰ ਵਿਆਹੁਤਾ ਜੀਵਨ ਵਿਚ ਪ੍ਰਵੇਸ਼ ਕਰਨ ਲਈ ਸਹਿਮਤੀ ਪ੍ਰਗਟਾਅ ਕੇ ਇਕ-ਦੂਜੇ ਨੂੰ ਪਤੀ-ਪਤਨੀ ਦੇ ਰੂਪ ਵਿਚ ਸਵੀਕਾਰ ਕਰਕੇ ਅਤੇ 'ਬਾਨਸ ਪੱਤਰ' ਲਿਖ ਕੇ ਵਿਆਹ ਦੀ ਰਸਮ ਨੂੰ ਸੰਪੰਨ ਕਰਦੇ ਹਨ। ਮਲਵਈ ਵਿਆਹ-ਪ੍ਰਬੰਧ ਵਿੱਚ ਵਿਆਹ ਨਾਲ ਸੰਬੰਧਿਤ ਧਾਰਮਿਕ ਰਸਮ ਸਭ ਤੋਂ ਅਹਿਮ ਹੁੰਦੀ ਹੈ, ਜਿਸ ਨਾਲ ਲੜਕਾ ਤੇ ਲੜਕੀ ਪਤੀ-ਪਤਨੀ ਦੇ ਰਿਸ਼ਤੇ ਵਿੱਚ ਬੱਝਦੇ ਹਨ। ਹਿੰਦੂ, ਸਿੱਖ, ਇਸਲਾਮ ਅਤੇ ਈਸਾਈ ਧਰਮ ਵਿੱਚ ਵਿਆਹ ਦੀ ਧਾਰਮਿਕ ਰਸਮ ਵੱਖਰੀ ਤਰ੍ਹਾਂ ਨਾਲ ਨਿਭਾਈ ਜਾਂਦੀ ਹੈ ਜਿਸ ਦਾ ਵਰਨਣ ਇਸ ਪ੍ਰਕਾਰ ਹੈ:

ਸਿੱਖ ਧਰਮ ਵਿੱਚ ਵਿਆਹ ਦੀ ਰੀਤ ਨੂੰ 'ਅਨੰਦ-ਕਾਰਜ' ਕਿਹਾ ਜਾਂਦਾ ਹੈ, ਜੋ ਕਿ ਫ਼ਜ਼ੂਲ ਖ਼ਰਚੇ ਅਤੇ ਵਹਿਮਾਂ-ਭਰਮਾਂ ਤੋਂ ਮੁਕਤ ਇਕ ਅਧਿਆਤਮਿਕ ਸੰਸਕਾਰ ਹੈ। ਅਨੰਦ-ਕਾਰਜ ਦਾ ਕੇਂਦਰੀ ਆਧਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸੂਹੀ ਰਾਗ ਵਿੱਚ ਦਰਜ ਗੁਰੂ ਰਾਮਦਾਸ ਜੀ ਦੀ ਬਾਣੀ 'ਲਾਵਾਂ' ਹੈ। ਡਾ.ਰਤਨ ਸਿੰਘ ਜੱਗੀ ਦੇ ਸ਼ਬਦਾਂ ਵਿਚ, "ਆਤਮਾ ਦੇ ਪ੍ਰਮਾਤਮਾ ਨਾਲ ਪ੍ਰੇਮ-ਸੰਬੰਧ ਨੂੰ ਸੰਯੋਗ ਅਵਸਥਾ ਦੀ ਸਿਖਰ ਉਤੇ ਪਹੁੰਚਾਉਣ ਲਈ ਕੀਤੀ ਗਈ ਤਿਆਰੀ ਨੂੰ 'ਲਾਵਾਂ' ਦੇ ਲੋਕ-ਮਾਧਿਅਮ ਦੁਆਰਾ ਪ੍ਰਗਟਾਇਆ ਗਿਆ ਹੈ। ਪਰਵਿਰਤੀ ਤੋਂ ਸ਼ੁਰੂ ਕਰਕੇ ਪ੍ਰੀਤਮ ਦੀ ਪੂਰਨ ਤ੍ਰਿਪਤੀ ਤਕ ਇਸ ਛੰਤ ਦਾ ਵਿਸਤਾਰ ਹੋਇਆ ਹੈ। ਇਸ ਵਿਚ ਇਕ ਪਾਸੇ ਇਸਤਰੀ ਅਤੇ ਮਰਦ ਦੇ ਵਿਵਾਹਿਕ ਜੀਵਨ ਦਾ ਆਦਰਸ਼ ਦਰਸਾਇਆ ਗਿਆ ਹੈ ਅਤੇ ਦੂਜੇ ਪਾਸੇ ਆਤਮਾ ਅਤੇ ਪ੍ਰਮਾਤਮਾ ਦੇ ਅਧਿਆਤਮਿਕ ਸੰਬੰਧ ਉਤੇ ਝਾਤ ਪਾਈ ਗਈ ਹੈ।"[2] ਸੂਹੀ ਰਾਗ ਦਾ ਸੰਬੰਧ ਉਚੇਚੇ ਤੌਰ 'ਤੇ ਗ੍ਰਹਿਸਥ ਜੀਵਨ ਦੀ ਖੁਸ਼ੀ ਨਾਲ ਹੈ। 'ਲਾਵ' ਸ਼ਬਦ ਉਸ ਗੰਢ ਜਾਂ ਰੱਸੀ ਦਾ ਪ੍ਰਤੀਕ ਹੈ ਜੋ ਜੀਵ-ਇਸਤਰੀ ਨੂੰ ਇੱਕੋ ਸਮੇਂ ਸੰਸਾਰ ਅਤੇ ਨਿਰੰਕਾਰ (ਕਰਤਾਰ) ਨਾਲ ਜੋੜਦੀ ਹੈ। ਅਨੰਦ-ਕਾਰਜ ਦੀ ਵਿਧੀ ਅਨੁਸਾਰ ਗੁਰੂ ਸਾਹਿਬ ਦੀ ਹਜ਼ੂਰੀ ਵਿੱਚ ਅਰਦਾਸ ਉਪਰੰਤ ਪੱਲਾ ਫੜਾਉਣ ਦੀ ਰਸਮ ਹੁੰਦੀ ਹੈ। ਪਾਠੀ ਸਿੰਘ ਵੱਲੋਂ ਲਾਵਾਂ ਦਾ ਪਾਠ ਕਰਨ ਅਤੇ ਰਾਗੀ ਸਿੰਘਾਂ ਵੱਲੋਂ ਕੀਰਤਨ ਕੀਤੇ ਜਾਣ ਦੌਰਾਨ ਲਾੜਾ-ਲਾੜੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਚਾਰ ਪਰਕਰਮਾ ਕਰਦੇ ਹਨ। ਇਹ ਚਾਰ ਲਾਵਾਂ ਜਿੱਥੇ ਇਸਤਰੀ-ਮਰਦ ਦੇ ਸੁਖਾਵੇਂ ਵਿਆਹੁਤਾ ਜੀਵਨ ਦਾ ਆਦਰਸ਼ ਪੇਸ਼ ਕਰਦੀਆਂ ਹਨ, ਉੱਥੇ ਹੀ ਆਤਮਾ ਤੇ ਪ੍ਰਮਾਤਮਾ ਦੇ ਮਿਲਾਪ ਦੀ ਸਿਖਰ ਨੂੰ ਵੀ ਦਰਸਾਉਂਦੀਆਂ ਹਨ। ਅੰਤ ਵਿੱਚ ਅਨੰਦ ਸਾਹਿਬ ਦੀਆਂ ਪੰਜ ਪਉੜੀਆਂ ਅਤੇ ਸਮੂਹਿਕ ਅਰਦਾਸ ਨਾਲ ਇਹ ਪਵਿੱਤਰ ਕਾਰਜ ਸੰਪੰਨ ਹੁੰਦਾ ਹੈ।

ਹਿੰਦੂ ਮੱਤ ਦੇ ਪੈਰੋਕਾਰ ਪਰਿਵਾਰਾਂ ਵਿੱਚ ਵਿਆਹ ਦਾ ਧਾਰਮਿਕ ਸੰਸਕਾਰ ਪੁਰੋਹਿਤ (ਪੰਡਤ) ਵੱਲੋਂ ਮਰਯਾਦਾ ਅਤੇ ਸ਼ਾਸਤਰੀ ਵਿਧੀ-ਵਿਧਾਨ ਅਨੁਸਾਰ 'ਫੇਰਿਆਂ' ਦੀ ਰਸਮ ਰਾਹੀਂ ਮੁਕੰਮਲ ਕੀਤਾ ਜਾਂਦਾ ਹੈ। ਇਸ ਕਾਰਜ ਲਈ ਸਭ ਤੋਂ ਪਹਿਲਾਂ ਬਾਂਸ ਦੇ ਸਹਾਰੇ ਕੱਪੜੇ ਦੀ ਛੱਤ ਪਾ ਕੇ ਇਕ ਪਵਿੱਤਰ ਮੰਡਪ (ਵੇਦੀ) ਸਥਾਪਿਤ ਕੀਤੀ ਜਾਂਦੀ ਹੈ। ਸ਼ੁਭ ਕਾਰਜ ਦੇ ਆਰੰਭ ਵਿੱਚ ਪੰਡਤ ਵੱਲੋਂ ਮੰਡਪ ਦੇ ਅੰਦਰ ਆਟੇ ਅਤੇ ਹਲਦੀ ਦੀ ਸਹਾਇਤਾ ਨਾਲ ਨੌਂ ਗ੍ਰਹਿਆਂ ਦੀ ਸਥਾਪਨਾ ਅਤੇ ਸਵਾਸਤਿਕ ਦਾ ਚਿੰਨ੍ਹ ਉਲੀਕ ਕੇ 'ਚੌਕ ਪੂਰਨ' ਦੀ ਪ੍ਰਕਿਰਿਆ ਨਿਭਾਈ ਜਾਂਦੀ ਹੈ ਸਵਾਸਤਿਕ ਦਾ ਇਹ ਚਿੰਨ੍ਹ ਵਿਘਨ-ਵਿਨਾਸ਼ਕ ਭਗਵਾਨ ਗਣੇਸ਼ ਦਾ ਪ੍ਰਤੀਕ ਮੰਨਿਆ ਜਾਂਦਾ ਹੈ। ਇਸ ਉਪਰੰਤ, ਇਕ ਪੂਜਾ-ਥਾਲੀ ਵਿੱਚ ਵਿਭਿੰਨ ਵਸਤਾਂ ਸਜਾਈਆਂ ਜਾਂਦੀਆਂ ਹਨ ਜਿਨ੍ਹਾਂ ਦਾ ਆਪਣਾ ਪ੍ਰਤੀਕਾਤਮਕ ਮਹੱਤਵ ਹੈ ਜਿਵੇਂ ਸਿੱਕਾ ਦੋਵਾਂ ਧਿਰਾਂ ਦੇ ਬਰਾਬਰ ਅਧਿਕਾਰਾਂ ਨੂੰ ਦਰਸਾਉਂਦਾ ਹੈ, ਫੁੱਲ ਖੁਸ਼ਹਾਲੀ ਤੇ ਸ਼ੁਭ ਇੱਛਾਵਾਂ ਦਾ ਸੂਚਕ ਹਨ, ਹਲਦੀ ਸਰੀਰਕ ਅਰੋਗਤਾ ਦੀ ਪ੍ਰਤੀਕ ਹੈ, ਚਾਵਲ (ਅਕਸ਼ਤ) ਵੰਸ਼ ਦੀ ਵਾਧਾ ਦਰ ਅਤੇ ਉਪਜਾਇਕਤਾ ਦਾ ਚਿੰਨ੍ਹ ਹਨ, ਜਦਕਿ ਨਾਰੀਅਲ ਕਿਸੇ ਵੀ ਕਾਰਜ ਦੇ ਨਿਰਵਿਘਨ ਅਤੇ ਸ਼ੁਭ ਆਰੰਭ ਨੂੰ ਪ੍ਰਗਟਾਉਂਦਾ ਹੈ। ਚੌਂਕ ਪੂਰਨ ਦੀ ਇਸ ਰੀਤ ਤੋਂ ਬਾਅਦ ਵਿਧੀਵਤ ਤਰੀਕੇ ਨਾਲ ਨੌਂ ਗ੍ਰਹਿਆਂ ਅਤੇ ਗਣੇਸ਼ ਦੀ ਅਰਾਧਨਾ ਕੀਤੀ ਜਾਂਦੀ ਹੈ ਅਤੇ ਸਾਕ-ਸੰਬੰਧੀ ਦੀਆਂ ਔਰਤਾ ਦੁਆਰਾ ਗੀਤ ਗਾਏ ਜਾਂਦੇ ਹਨ:

"ਵੇਦੀ ਦੇ ਅੰਦਰ ਕਿਉਂ ਨਹੀਂ ਆਂਵਦਾ,  
ਵੇ ਰੰਗ ਰੱਤੜਿਆ ਕਾਨ੍ਹਾ?  
ਵੇਦੀ ਦੇ ਅੰਦਰ ਮੇਰੇ ਸਹੁਰਾ ਜੀ ਬੈਠੇ,  
ਮੈਂ ਉਨ੍ਹਾਂ ਕੋਲੋਂ ਸ਼ਰਮਾਂਵਦਾ ਨੀ,  
ਨੀ ਰੰਗ ਰੱਤੜੀਏ ਰਾਧਾਕੇ।"[3]

ਲਾੜੇ (ਵਰ) ਦੇ ਮੰਡਪ ਵਿੱਚ ਪ੍ਰਵੇਸ਼ ਕਰਨ ਉਪਰੰਤ ਕੰਨਿਆ ਦੇ ਪਿਤਾ ਵੱਲੋਂ ਉਸ ਦੇ ਸੱਜੇ ਹੱਥ 'ਤੇ ਮੌਲੀ (ਰੱਖਿਆ ਸੂਤਰ) ਬੰਨ੍ਹ ਕੇ ਅਤੇ ਮਸਤਕ 'ਤੇ ਟਿੱਕਾ ਲਗਾ ਕੇ ਵਿਧੀਵਤ ਪੂਜਾ ਕੀਤੀ ਜਾਂਦੀ ਹੈ। ਪੁਰੋਹਿਤ ਵੱਲੋਂ ਵੇਦ ਮੰਤਰਾਂ ਦੇ ਉਚਾਰਨ ਨਾਲ ਵਰ ਅਤੇ ਕੰਨਿਆ ਨੂੰ ਜੀਵਨ ਭਰ ਇਕ-ਦੂਜੇ ਦਾ ਸਾਥ ਨਿਭਾਉਣ ਲਈ ਪ੍ਰੇਰਿਤ ਕਰਦਿਆਂ ਸੰਕਲਪ ਕਰਵਾਇਆ ਜਾਂਦਾ ਹੈ। ਇਸ ਤੋਂ ਬਾਅਦ 'ਗੋਤਰਾਚਰ' ਦੀ ਅਹਿਮ ਰਸਮ ਨਿਭਾਈ ਜਾਂਦੀ ਹੈ, ਜਿਸ ਵਿੱਚ ਪੰਡਤ ਦੁਆਰਾ ਵਰ ਅਤੇ ਕੰਨਿਆ ਦੀਆਂ ਪਿਛਲੀਆਂ ਤਿੰਨ ਪੀੜ੍ਹੀਆਂ (ਪਿਤਾ, ਦਾਦਾ ਅਤੇ ਪੜਦਾਦਾ) ਦੇ ਗੋਤਾਂ ਦਾ ਉੱਚੀ ਆਵਾਜ਼ ਵਿੱਚ ਉਚਾਰਨ ਕੀਤਾ ਜਾਂਦਾ ਹੈ। ਗੋਤਰਾਚਰ ਤੋਂ ਬਾਅਦ 'ਕੰਨਿਆਦਾਨ' ਦੀ ਪ੍ਰਕਿਰਿਆ ਆਰੰਭ ਹੁੰਦੀ ਹੈ। ਇਸ ਵਿੱਚ ਪਿਤਾ ਆਪਣੀ ਪੁੱਤਰੀ ਦਾ ਖੱਬਾ ਹੱਥ ਵਰ ਦੇ ਸੱਜੇ ਹੱਥ ਉੱਪਰ ਰੱਖ ਕੇ ਸੌਂਪਦਾ ਹੈ। ਕੰਨਿਆ ਦੇ ਹੱਥ ਉੱਤੇ ਸੰਖ ਰੱਖ ਕੇ ਜਲ ਅਰਪਿਤ ਕੀਤਾ ਜਾਂਦਾ ਹੈ, ਜਿਸ ਨੂੰ 'ਪਾਣੀ-ਗ੍ਰਹਿਣ' ਸੰਸਕਾਰ ਕਿਹਾ ਜਾਂਦਾ ਹੈ। ਇਹ ਰਸਮ ਦੋਵਾਂ ਜੀਆਂ ਦੇ ਮਾਨਸਿਕ ਅਤੇ ਸਰੀਰਕ ਤੌਰ 'ਤੇ ਇਕ ਮਜ਼ਬੂਤ ਸਾਂਝੀ ਇਕਾਈ ਵਜੋਂ ਜੁੜਨ ਦੀ ਪ੍ਰਤੀਕ ਹੈ। ਇਸ ਉਪਰੰਤ ਪੰਡਤ ਦੁਆਰਾ ਵਰ ਦੇ ਪਰਨੇ ਅਤੇ ਕੰਨਿਆ ਦੀ ਚੁੰਨੀ ਦੇ ਲੜਾਂ ਨੂੰ ਆਪਸ ਵਿੱਚ ਬੰਨ੍ਹ ਦਿੱਤਾ ਜਾਂਦਾ ਹੈ, ਜਿਸ ਨੂੰ 'ਗੰਢ-ਚਿਤਰਵਾ' (ਗੰਢ-ਜੋੜਾ) ਕਿਹਾ ਜਾਂਦਾ ਹੈ। ਇਹ ਗੰਢ ਉਨ੍ਹਾਂ ਦੇ ਅਟੁੱਟ ਬੰਧਨ ਦਾ ਚਿੰਨ੍ਹ ਹੈ। ਇਸ ਤੋਂ ਬਾਅਦ ਹਵਨ ਕੁੰਡ ਵਿੱਚ ਅਗਨੀ ਪ੍ਰਚੰਡ ਕਰਕੇ ਸਮੱਗਰੀ ਪਾਈ ਜਾਂਦੀ ਹੈ ਅਤੇ 'ਫੇਰਿਆਂ' ਦੀ ਮੁੱਖ ਰਸਮ ਸ਼ੁਰੂ ਹੁੰਦੀ ਹੈ, ਜਿੱਥੇ ਲਾੜਾ-ਲਾੜੀ ਪਵਿੱਤਰ ਅਗਨੀ ਦੇ ਦੁਆਲੇ ਪਰਕਰਮਾ ਕਰਕੇ ਪਤੀ-ਪਤਨੀ ਦੇ ਰਿਸ਼ਤੇ ਵਿੱਚ ਪ੍ਰਵੇਸ਼ ਕਰਦੇ ਹਨ। ਫੇਰਿਆਂ ਤੋਂ ਤੁਰੰਤ ਬਾਅਦ 'ਸ਼ਪਤਪਦੀ' ਦੀ ਰੀਤ ਨਿਭਾਈ ਜਾਂਦੀ ਹੈ, ਜਿਸ ਵਿੱਚ ਆਟੇ ਨਾਲ ਉਲੀਕੀਆਂ ਸੱਤ ਰੇਖਾਵਾਂ ਰਾਹੀਂ ਸੱਤ ਅਹਿਮ ਵਚਨ ਲਏ ਜਾਂਦੇ ਹਨ। ਰਾਮੇਸ਼ਵਰਦਾਸ ਗੁਪਤਾ ਅਨੁਸਾਰ, "ਲਾੜਾ-ਲਾੜੀ ਇਕ-ਦੂਜੇ ਨੂੰ ਵਚਨ ਦਿੰਦੇ ਹਨ ਜਿਵੇਂ ਕਿ ਧਰਮ ਦੇ ਮਾਰਗ 'ਤੇ ਚੱਲਣਾ, ਸਮਾਜਿਕ ਜ਼ਿੰਮੇਵਾਰੀਆਂ ਨੂੰ ਨਿਭਾਉਣਾ, ਪਰਿਵਾਰਿਕ ਦੁੱਖ-ਸੁੱਖ ਵਿਚ ਇਕ-ਦੂਜੇ ਦਾ ਸਾਥ ਦੇਣਾ, ਇਕ-ਦੂਜੇ ਦਾ ਮਾਣ-ਸਨਮਾਨ ਕਰਨਾ, ਪਤਨੀ ਦੁਆਰਾ ਪਤੀ ਨੂੰ ਪ੍ਰਮੇਸ਼ਵਰ ਮੰਨਣਾ ਅਤੇ ਪਤੀ ਦਾ ਆਪਣੀ ਖੱਟੀ-ਕਮਾਈ ਨੂੰ ਪਤਨੀ ਦੀ ਝੋਲੀ ਪਾਉਣ ਆਦਿ ਨਾਲ ਸੰਬੰਧਿਤ ਹੁੰਦੇ ਹਨ।"[4] ਇਨ੍ਹਾਂ ਵਚਨਾਂ ਦੀ ਪ੍ਰਵਾਨਗੀ ਤੋਂ ਬਾਅਦ ਲਾੜੀ ਲਾੜੇ ਦੇ ਖੱਬੇ ਪਾਸੇ ਵਿਰਾਜਮਾਨ ਹੁੰਦੀ ਹੈ ਜਿਸ ਨੂੰ 'ਖਾਰੇ ਬਦਲਣ' ਦੀ ਰਸਮ ਕਿਹਾ ਜਾਂਦਾ ਹੈ। ਇਹ ਇਸ ਗੱਲ ਦੀ ਪੁਸ਼ਟੀ ਹੈ ਕਿ ਹੁਣ ਕੰਨਿਆ ਪੂਰਨ ਰੂਪ ਵਿੱਚ ਵਰ ਦੀ ਜੀਵਨ-ਸੰਗਣੀ ਬਣ ਚੁੱਕੀ ਹੈ। ਅੰਤ ਵਿੱਚ ਲਾੜੇ ਵੱਲੋਂ ਲਾੜੀ ਦੀ ਮਾਂਗ ਵਿੱਚ ਸੰਧੂਰ ਭਰ ਕੇ 'ਸੰਧੂਰਦਾਨ' ਦੀ ਰਸਮ ਪੂਰੀ ਕੀਤੀ ਜਾਂਦੀ ਹੈ। ਇਸ ਪ੍ਰਕਾਰ ਬਜ਼ੁਰਗਾਂ ਦਾ ਆਸ਼ੀਰਵਾਦ ਪ੍ਰਾਪਤ ਕਰਨ ਉਪਰੰਤ ਵਿਆਹ ਦਾ ਇਹ ਧਾਰਮਿਕ ਕਾਰਜ ਸੰਪੰਨ ਹੁੰਦਾ ਹੈ।

ਇਸਲਾਮ ਧਰਮ ਵਿੱਚ ਵਿਆਹ ਨੂੰ ਇਕ ਪਵਿੱਤਰ ਸਮਾਜਿਕ ਇਕਰਾਰਨਾਮਾ ਜਾਂ 'ਮੁਆਇਦਾ' ਮੰਨਿਆ ਜਾਂਦਾ ਹੈ। 'ਨਿਕਾਹ' ਦਾ ਸ਼ਾਬਦਿਕ ਅਰਥ ਪੁਰਸ਼ ਅਤੇ ਇਸਤਰੀ ਦੇ ਕਾਨੂੰਨੀ ਤੇ ਸਭਿਆਚਾਰਕ ਮਿਲਾਪ ਤੋਂ ਹੈ। ਮੌਲਾਨਾ ਜਲੀਲ ਅਹਿਸਨ ਨਕਵੀ ਦੀ ਧਾਰਨਾ ਹੈ, "ਨਿਕਾਹ ਇਕ ਅਰਦਾਸ ਹੈ। ਨਿਕਾਹ ਕੇਵਲ ਖੁਸ਼ੀ ਦਾ ਹੀ ਨਾਂ ਨਹੀਂ ਸਗੋਂ ਇਕ ਇਕਰਾਰ ਹੈ, ਜਿਹੜਾ ਕਿ ਇਕ ਆਦਮੀ ਤੇ ਇਕ ਇਸਤਰੀ ਦੇ ਵਿਚਕਾਰ ਹੁੰਦਾ ਹੈ ਕਿ ਅਸੀਂ ਜੀਵਨ ਭਰ ਲਈ ਇਕ-ਦੂਜੇ ਦੇ ਸਾਥੀ ਸਹਾਇਕ ਬਣਾਂਗੇ ਅਤੇ ਇਹ ਇਕਰਾਰ ਕਰਨ ਸਮੇਂ ਖ਼ੁਦਾ ਦੇ ਲੋਕਾਂ ਨੂੰ ਗਵਾਹ ਬਣਾਇਆ ਜਾਂਦਾ ਹੈ।"[5] ਨਿਕਾਹ ਦੀ ਰਸਮੀ ਪ੍ਰਕਿਰਿਆ ਤੋਂ ਪਹਿਲਾਂ, ਲੜਕੀ ਦੀ ਮਾਂ ਵੱਲੋਂ ਵਰ (ਲਾੜੇ) ਦਾ ਸਿਹਰਾ ਵਧਾਉਣ ਦੀ ਸ਼ਗਨਾਂ ਭਰੀ ਰੀਤ ਨਿਭਾਈ ਜਾਂਦੀ ਹੈ। ਨਿਕਾਹ ਦੇ ਮੁੱਖ ਕਾਰਜ ਦੌਰਾਨ ਨਿਕਾਹ-ਖ਼ੁਆਨ (ਮੌਲਵੀ) ਕੁਰਾਨ ਦੀਆਂ ਚਾਰ ਮੁਕੱਦਸ ਆਇਤਾਂ ਦਾ ਪਾਠ ਕਰਦਾ ਹੈ। ਇਸ ਉਪਰੰਤ ਇਸਲਾਮੀ ਵਿਧੀ ਅਨੁਸਾਰ ਲੜਕੀ ਅਤੇ ਲੜਕੇ ਤੋਂ ਉਨ੍ਹਾਂ ਦੀ ਸੁਤੰਤਰ ਸਹਿਮਤੀ ਲਈ 'ਈਜਾਬ-ਓ-ਕਬੂਲ' (ਪ੍ਰਸਤਾਵ ਅਤੇ ਪ੍ਰਵਾਨਗੀ) ਦੀ ਪ੍ਰਕਿਰਿਆ ਪੂਰੀ ਕੀਤੀ ਜਾਂਦੀ ਹੈ। ਮੌਲਵੀ ਦੋਵਾਂ ਧਿਰਾਂ ਦੇ ਨਾਮ, ਪਿਤਾ ਦਾ ਨਾਮ ਅਤੇ ਪਛਾਣ ਸਪੱਸ਼ਟ ਕਰਕੇ ਉਨ੍ਹਾਂ ਦੀ ਰਜ਼ਾਮੰਦੀ ਹਾਸਿਲ ਕਰਦਾ ਹੈ। ਦੋਵਾਂ ਵੱਲੋਂ 'ਕਬੂਲ ਹੈ' ਕਹਿਣ 'ਤੇ ਸਾਰੇ ਸਾਕ-ਸੰਬੰਧੀ ਇਕ-ਦੂਜੇ ਨੂੰ 'ਮੁਬਾਰਕਬਾਦ' ਦਿੰਦੇ ਹਨ। ਨਿਕਾਹ ਦਾ ਇਕ ਅਹਿਮ ਪਹਿਲੂ 'ਮਿਹਰ' ਦੀ ਰਕਮ ਨਿਸਚਿਤ ਕਰਨਾ ਹੈ। ਇਹ ਉਹ ਰਾਸ਼ੀ ਹੈ ਜੋ ਲੜਕੇ ਦੇ ਪਰਿਵਾਰ ਦੀ ਆਰਥਿਕ ਸਮਰੱਥਾ ਅਨੁਸਾਰ ਤੈਅ ਕੀਤੀ ਜਾਂਦੀ ਹੈ ਅਤੇ ਇਹ ਲੜਕੀ ਦਾ ਕਾਨੂੰਨੀ ਤੇ ਧਾਰਮਿਕ ਹੱਕ ਹੁੰਦੀ ਹੈ। ਜੇਕਰ ਭਵਿੱਖ ਵਿੱਚ ਕਿਸੇ ਅਣਸੁਖਾਵੀਂ ਸਥਿਤੀ ਕਾਰਨ ਤਲਾਕ ਦੀ ਨੌਬਤ ਆਉਂਦੀ ਹੈ ਤਾਂ ਇਹ ਰਾਸ਼ੀ ਇਸਤਰੀ ਦੇ ਆਰਥਿਕ ਸੁਰੱਖਿਆ ਕਵਚ ਵਜੋਂ ਕੰਮ ਕਰਦੀ ਹੈ। ਇਸ ਪ੍ਰਕਾਰ ਇਨ੍ਹਾਂ ਧਾਰਮਿਕ ਅਤੇ ਸਮਾਜਿਕ ਸ਼ਰਤਾਂ ਦੀ ਪੂਰਤੀ ਨਾਲ ਇਸਲਾਮਿਕ ਮਰਯਾਦਾ ਅਨੁਸਾਰ ਨਿਕਾਹ ਸੰਪੰਨ ਹੁੰਦਾ ਹੈ।

ਈਸਾਈ ਮੱਤ ਵਿੱਚ ਵਿਆਹ ਨੂੰ ਕੇਵਲ ਇਕ ਸਮਾਜਿਕ ਸਮਝੌਤਾ ਹੀ ਨਹੀਂ ਸਗੋਂ ਈਸ਼ਵਰ ਦੀ ਪ੍ਰਾਪਤੀ ਅਤੇ ਉਸ ਦੀ ਰਜ਼ਾ ਵਿੱਚ ਜੀਵਨ ਬਤੀਤ ਕਰਨ ਦਾ ਇਕ ਅਹਿਮ ਸਾਧਨ ਸਵੀਕਾਰਿਆ ਜਾਂਦਾ ਹੈ। ਵਿਆਹ ਦੀ ਇਹ ਪਵਿੱਤਰ ਰਸਮ ਮੁੱਖ ਰੂਪ ਵਿੱਚ ਗਿਰਜਾਘਰ ਵਿਖੇ ਨਿਭਾਈ ਜਾਂਦੀ ਹੈ। ਸੰਸਕਾਰ ਦੇ ਦੌਰਾਨ ਪਾਦਰੀ ਲਾੜਾ-ਲਾੜੀ ਦੀ ਸੁਤੰਤਰ ਇੱਛਾ ਜਾਣਨ ਲਈ ਉਨ੍ਹਾਂ ਤੋਂ ਸਵਾਲ ਕਰਦਾ ਹੈ, "ਕੀ ਤੁਸੀਂ ਵਿਆਹ ਦੇ ਇਸ ਪਵਿੱਤਰ ਬੰਧਨ ਵਿੱਚ ਬੱਝਣ ਦੀ ਦਿਲੀ ਇੱਛਾ ਰੱਖਦੇ ਹੋ?" ਜਿਸ ਦੇ ਜਵਾਬ ਵਿੱਚ ਦੋਵੇਂ ਧਿਰਾਂ ਪੂਰੀ ਨਿਸ਼ਠਾ ਨਾਲ ਇਕ-ਦੂਜੇ ਨੂੰ ਪਤੀ-ਪਤਨੀ ਵਜੋਂ ਸਵੀਕਾਰ ਕਰਨ, ਜੀਵਨ ਦੇ ਹਰ ਦੁੱਖ-ਸੁੱਖ ਵਿੱਚ ਸਾਥ ਨਿਭਾਉਣ ਅਤੇ ਆਪਸੀ ਪ੍ਰੇਮ ਤੇ ਸਤਿਕਾਰ ਨੂੰ ਬਰਕਰਾਰ ਰੱਖਣ ਦਾ ਪ੍ਰਣ ਲੈਂਦੀਆਂ ਹਨ। ਇਸ ਪ੍ਰਕਿਰਿਆ ਦੌਰਾਨ ਇਕ ਵਿਸ਼ੇਸ਼ ਘੋਸ਼ਣਾ-ਪੱਤਰ ਪੜ੍ਹਿਆ ਜਾਂਦਾ ਹੈ, ਜਿਸ ਨੂੰ 'ਬਾਨਸ' ਕਿਹਾ ਜਾਂਦਾ ਹੈ। ਇਸ ਦਸਤਾਵੇਜ਼ ਵਿੱਚ ਲੜਕੇ-ਲੜਕੀ ਅਤੇ ਉਨ੍ਹਾਂ ਦੇ ਪਿਤਾ ਦੇ ਵੇਰਵਿਆਂ ਸਹਿਤ ਉਨ੍ਹਾਂ ਵੱਲੋਂ ਲਏ ਗਏ ਵਚਨ ਦਰਜ ਹੁੰਦੇ ਹਨ। ਇਸ ਉਪਰੰਤ ਪਾਦਰੀ ਵੱਲੋਂ ਨਵ-ਵਿਆਹੁਤਾ ਜੋੜੇ ਦੇ ਸੁਖੀ ਜੀਵਨ ਲਈ ਪਰਮਾਤਮਾ ਅੱਗੇ ਅਰਦਾਸ (ਪ੍ਰਾਰਥਨਾ) ਕੀਤੀ ਜਾਂਦੀ ਹੈ। ਜੋਸ਼ ਡੀ.ਸਾਈਪਰ ਦੇ ਸ਼ਬਦਾਂ ਵਿਚ, "ਤੁਸੀਂ ਕਲੀਸੀਆਂ ਦੇ ਸਾਹਮਣੇ ਕਰਾਰ ਕੀਤਾ ਹੈ। ਈਸ਼ਵਰ ਇਸ ਕਰਾਰ ਨੂੰ ਪੱਕਾ ਕਰਨ ਅਤੇ ਤੁਹਾਡੇ ਉਪਰ ਆਪਣਾ ਆਸ਼ੀਰਵਾਦ ਬਰਸਾਉਣ ਦੀ ਕ੍ਰਿਪਾ ਕਰਨ। ਜਿਸ ਨੂੰ ਈਸ਼ਵਰ ਨੇ ਜੋੜਿਆ, ਉਸਨੂੰ ਮਨੁੱਖ ਤੋੜ ਨਹੀਂ ਸਕਦਾ।"[6] ਅੰਤ ਵਿੱਚ ਲਾੜਾ-ਲਾੜੀ ਇਕ-ਦੂਜੇ ਨੂੰ ਮੁੰਦਰੀਆਂ ਪਹਿਨਾਉਂਦੇ ਹਨ ਜੋ ਉਨ੍ਹਾਂ ਦੇ ਅਟੁੱਟ ਪਿਆਰ ਅਤੇ ਵਿਸ਼ਵਾਸ ਦਾ ਪ੍ਰਤੀਕ ਹਨ। ਇਸ ਪ੍ਰਕਾਰ ਇਹ ਪਵਿੱਤਰ ਵਿਆਹੁਤਾ ਬੰਧਨ ਸੰਪੰਨ ਹੁੰਦਾ ਹੈ।

ਵਿਆਹ ਦੇ ਧਾਰਮਿਕ ਪੱਖ ਜਿਵੇਂ ਕਿ ਅਨੰਦ ਕਾਰਜ ਜਾਂ ਫੇਰਿਆਂ ਦੀ ਮਰਯਾਦਾ ਨੂੰ ਸਮਝਣ ਤੋਂ ਬਾਅਦ ਵਿਆਹ ਨਾਲ ਸੰਬੰਧਿਤ ਰੀਤਾਂ ਵੱਲ ਧਿਆਨ ਦੇਣਾ ਜ਼ਰੂਰੀ ਹੈ ਜੋ ਕਿਸੇ ਸ਼ਾਸਤਰ ਵਿੱਚ ਦਰਜ ਨਹੀਂ ਹਨ ਪਰ ਲੋਕ-ਮਾਨਸ ਵਿੱਚ ਡੂੰਘੀਆਂ ਵਸੀਆਂ ਹੋਈਆਂ ਹਨ। ਵਿਆਹ ਦੇ ਮੌਕੇ 'ਤੇ ਧਰਮ ਅਤੇ ਲੋਕ-ਧਰਮ ਇੱਕ-ਦੂਜੇ ਵਿੱਚ ਇਸ ਤਰ੍ਹਾਂ ਰਚੇ-ਮਿਚੇ ਹੁੰਦੇ ਹਨ ਕਿ ਇਹਨਾਂ ਨੂੰ ਨਿਖੇੜਨਾ ਕਠਿਨ ਹੋ ਜਾਂਦਾ ਹੈ। ਵਿਆਹ ਦੀ ਮੁੱਖ ਰਸਮ ਧਾਰਮਿਕ ਸੰਸਥਾ ਦੇ ਨਿਯਮਾਂ ਅਨੁਸਾਰ ਹੁੰਦੀ ਹੈ ਪ੍ਰੰਤੂ ਉਸ ਦੇ ਆਲੇ-ਦੁਆਲੇ ਬੁਣਿਆ ਹੋਇਆ ਰਸਮਾਂ ਦਾ ਤਾਣਾ-ਬਾਣਾ ਪੂਰੀ ਤਰ੍ਹਾਂ 'ਲੋਕ-ਧਰਮ' ਦੀ ਉਪਜ ਹੁੰਦਾ ਹੈ। ਇਸ ਵਿੱਚ ਕੁਦਰਤ ਦੀ ਪੂਜਾ, ਪਿੱਪਲ ਦੀ ਪੂਜਾ, ਜਾਂ ਵਡੇਰਿਆਂ ਦੀ ਮਾਨਤਾ ਸ਼ਾਮਲ ਹੈ ਜੋ ਕਿਸੇ ਧਰਮ ਗ੍ਰੰਥ ਵਿੱਚੋਂ ਨਹੀਂ ਸਗੋਂ ਮਨੁੱਖ ਦੇ ਸਦੀਆਂ ਪੁਰਾਣੇ ਅਨੁਭਵ ਅਤੇ ਵਿਸ਼ਵਾਸ ਵਿੱਚੋਂ ਨਿਕਲੀ ਹੈ। **'ਧਰਮ'** ਜਿੱਥੇ ਵਿਆਹ ਨੂੰ ਇੱਕ ਅਧਿਆਤਮਿਕ ਰਿਸ਼ਤੇ ਵਜੋਂ ਪਰਿਭਾਸ਼ਿਤ ਕਰਦਾ ਹੈ ਉੱਥੇ **'ਲੋਕ-ਧਰਮ'** ਇਸ ਨਾਜ਼ੁਕ ਮੌਕੇ 'ਤੇ ਮਨੁੱਖੀ ਮਨ ਵਿੱਚ ਉਪਜਦੇ ਅਗਿਆਤ ਭੈਅ ਅਤੇ ਅਦਿੱਖ ਸ਼ਕਤੀਆਂ ਦੇ ਪ੍ਰਭਾਵ ਨੂੰ ਮੁੱਖ ਰੱਖਦਾ ਹੈ। ਲੋਕ-ਧਰਮ ਵਿਆਹ ਨਾਲ ਸੰਬੰਧਿਤ ਰਸਮਾਂ ਜਿਵੇਂ ਕਿ ਮਾਈਆਂ ਪਾਉਣਾ, ਘੋੜੀ ਚੜ੍ਹਨਾ, ਪਾਣੀ ਵਾਰਨਾ, ਤੇਲ ਚੋਣਾ, ਜੰਡੀ ਵੱਢਣਾ ਜਾਂ ਵਡੇਰਿਆਂ ਦੇ ਮੱਥਾ ਟੇਕਣਾ ਆਦਿ ਰਾਹੀਂ ਪ੍ਰਗਟ ਹੁੰਦਾ ਹੈ। ਵਿਆਹ ਵਿੱਚ ਵਰਤੇ ਜਾਣ ਵਾਲੇ ਟੋਟਕੇ ਜਿਵੇਂ ਕਿ ਗਾਨਾ ਬੰਨ੍ਹਣਾ, ਲੋਹੇ ਦੀ ਚੀਜ਼ ਕੋਲ ਰੱਖਣੀ ਜਾਂ ਬਦਰੂਹਾਂ ਤੋਂ ਬਚਣ ਲਈ ਕੀਤੇ ਜਾਂਦੇ ਉਪਾਅ ਲੋਕ-ਧਰਮ ਦੇ ਹੀ ਵੱਖ-ਵੱਖ ਪਾਸਾਰ ਹਨ। ਵਿਆਹ ਇਕ ਅਜਿਹਾ ਕਾਰਜ ਹੈ ਜਦੋਂ ਮਨੁੱਖ ਕੁਦਰਤੀ ਸ਼ਕਤੀਆਂ ਅਤੇ ਪਿੱਤਰਾਂ ਦੀਆਂ ਅਸੀਸਾਂ ਦਾ ਅਭਿਲਾਸ਼ੀ ਹੁੰਦਾ ਹੈ।

ਵਿਆਹ ਦੀਆਂ ਰਸਮਾਂ ਵਿੱਚ ਤੇਲ ਚੋਣ, ਮਾਈਆਂ ਪਾਉਣਾ ਅਤੇ ਵਟਣਾ ਮਲਣਾ ਲੋਕ ਧਰਮ ਦੀਆਂ ਅਜਿਹੀਆਂ ਉਦਾਹਰਨਾਂ ਹਨ ਜਿੱਥੇ ਕੁਦਰਤੀ ਵਸਤਾਂ ਨੂੰ ਪਵਿੱਤਰ ਮੰਨ ਕੇ ਉਹਨਾਂ ਦੀ ਵਰਤੋਂ ਕੀਤੀ ਜਾਂਦੀ ਹੈ। ਲੋਕ ਧਾਰਮਿਕ ਦ੍ਰਿਸ਼ਟੀ ਤੋਂ ਤੇਲ ਅਤੇ ਹਲਦੀ ਸਿਰਫ਼ ਸੁੰਦਰਤਾ ਲਈ ਨਹੀਂ ਸਗੋਂ ਬਦਰੂਹਾਂ ਤੋਂ ਬਚਾਅ ਅਤੇ ਸ਼ੁੱਧਤਾ ਦੇ ਪ੍ਰਤੀਕ ਵਜੋਂ ਵਰਤੇ ਜਾਂਦੇ ਹਨ। ਜਦੋਂ ਬੂਹੇ ਦੀਆਂ ਦੋਵੇਂ ਪਾਸੇ ਤੇਲ ਚੋਇਆ ਜਾਂਦਾ ਹੈ, ਤਾਂ ਇਹ ਘਰ ਦੀਆਂ ਬਰੂਹਾਂ ਨੂੰ ਪਵਿੱਤਰ ਕਰਨ ਇੱਕ

ਲੋਕ-ਵਿਸ਼ਵਾਸ ਹੈ। ਇਹ ਰਸਮ ਦਰਸਾਉਂਦੀ ਹੈ ਕਿ ਕਿਵੇਂ ਲੋਕ ਮਨ ਸ਼ਾਸਤਰੀ ਪੂਜਾ ਤੋਂ ਪਹਿਲਾਂ ਕੁਦਰਤੀ ਤੱਤਾਂ ਦੀ ਅਰਾਧਨਾ ਰਾਹੀਂ ਕਾਰਜ ਦੀ ਨਿਰਵਿਘਨਤਾ ਦੀ ਕਾਮਨਾ ਕਰਦਾ ਹੈ।

ਲੋਕ ਧਰਮ ਦਾ ਇੱਕ ਅਹਿਮ ਪੱਖ 'ਸੁਰੱਖਿਆ' (Protection) ਨਾਲ ਜੁੜਿਆ ਹੋਇਆ ਹੈ। ਵਿਆਹ ਵਿੱਚ ਮੁੰਡੇ ਜਾਂ ਕੁੜੀ ਦੇ ਗੁੱਟ 'ਤੇ 'ਗਾਨਾ' (ਮੌਲੀ) ਬੰਨ੍ਹਣਾ ਅਤੇ ਉਹਨਾਂ ਦੇ ਪੱਲੇ ਨਾਲ ਲੋਹੇ ਦੀ ਚੀਜ਼ (ਜਿਵੇਂ ਸਰਬਲੋਹ ਦੀ ਕਰਦ ਜਾਂ ਕੜਾ) ਬੰਨ੍ਹਣੀ ਇਸ ਵਿਸ਼ਵਾਸ ਦੀ ਉਪਜ ਹੈ ਕਿ ਖੁਸ਼ੀ ਦੇ ਨਾਜ਼ੁਕ ਮੌਕਿਆਂ 'ਤੇ ਪਰਾ-ਭੌਤਿਕ ਸ਼ਕਤੀਆਂ ਜਾਂ 'ਨਜ਼ਰਾਂ' ਦਾ ਪ੍ਰਭਾਵ ਵੱਧ ਹੁੰਦਾ ਹੈ ਹਾਲਾਂਕਿ ਕਿਸੇ ਮੁੱਖ ਧਾਰਮਿਕ ਗ੍ਰੰਥ ਵਿੱਚ ਇਸ ਦਾ ਜ਼ਿਕਰ ਨਹੀਂ ਮਿਲਦਾ ਪ੍ਰੰਤੂ ਲੋਕ-ਮਾਨਸ ਵਿੱਚ ਇਹ ਵਿਸ਼ਵਾਸ ਇੰਨਾ ਪ੍ਰਬਲ ਹੈ ਕਿ ਇਸ ਤੋਂ ਬਿਨਾਂ ਵਿਆਹ ਦੀ ਪ੍ਰਕਿਰਿਆ ਅਧੂਰੀ ਮੰਨੀ ਜਾਂਦੀ ਹੈ। ਇਹ ਰਸਮ ਧਰਮ ਦੇ ਉਸ ਰੂਪ ਨੂੰ ਪੇਸ਼ ਕਰਦੀ ਹੈ ਜੋ ਮਨੁੱਖੀ ਡਰ ਅਤੇ ਸੁਰੱਖਿਆ ਦੀ ਭਾਵਨਾ ਵਿੱਚੋਂ ਪੈਦਾ ਹੋਇਆ ਹੈ।

ਬਰਾਤ ਦੀ ਚੜ੍ਹਤ ਵੇਲੇ 'ਜੰਡੀ ਵੱਢਣਾ' ਜਾਂ ਪਿੰਡ ਦੇ ਸਾਂਝੇ ਪੂਜਾ ਸਥਾਨ 'ਤੇ ਮੱਥਾ ਟੇਕਣਾ ਲੋਕ ਧਰਮ ਦੇ ਉਸ ਪੱਖ ਨੂੰ ਉਘਾੜਦਾ ਹੈ ਜੋ ਪੁਰਖਿਆਂ ਅਤੇ ਕੁਦਰਤ ਨਾਲ ਜੁੜਿਆ ਹੋਇਆ ਹੈ। ਜੰਡੀ ਵੱਢਣਾ ਅਸਲ ਵਿੱਚ ਜੀਵਨ ਦੇ ਨਵੇਂ ਪੜਾਅ ਵਿੱਚ ਪ੍ਰਵੇਸ਼ ਕਰਨ ਤੋਂ ਪਹਿਲਾਂ ਕੁਦਰਤ 'ਤੇ ਜਿੱਤ ਅਤੇ ਆਪਣੇ ਪੁਰਖਿਆਂ ਨੂੰ ਯਾਦ ਕਰਕੇ ਆਪਣੇ-ਆਪ ਨੂੰ ਜੜ੍ਹ ਨਾਲ ਜੋੜਨ ਦਾ ਪ੍ਰਤੀਕ ਹੈ। ਇਸੇ ਤਰ੍ਹਾਂ ਮਾਲਵਾ ਖੇਤਰ ਵਿਚ ਵਿਆਹ ਨਾਲ ਰਸਮਾਂ ਦੌਰਾਨ ਵਰਤੇ ਜਾਣ ਵਾਲੇ ਖਾਧ ਪਦਾਰਥਾਂ ਵਿਚੋਂ ਸਭ ਤੋਂ ਪਹਿਲਾਂ ਹਿੱਸਾ ਵਡੇਰਿਆਂ ਦੇ ਨਾਮ ਦਾ ਕੱਢਣਾ ਇਹ ਦਰਸਾਉਂਦਾ ਹੈ ਕਿ ਲੋਕ ਧਰਮ ਵਿੱਚ ਮ੍ਰਿਤਕ ਪੁਰਖਿਆਂ ਦੀ ਮੌਜੂਦਗੀ ਜਿਉਂਦੇ ਜੀਆਂ ਦੇ ਬਰਾਬਰ ਹੀ ਅਹਿਮ ਮੰਨੀ ਜਾਂਦੀ ਹੈ।

ਮਲਵਈ ਲੋਕ-ਮਾਨਸ ਵਿੱਚ ਅਨੇਕਾਂ ਅਜਿਹੇ ਸਥਾਨਕ ਦੇਵੀ-ਦੇਵਤੇ ਰਚੇ-ਵਸੇ ਹੋਏ ਹਨ ਜਿਨ੍ਹਾਂ ਨੂੰ ਅਲੌਕਿਕ ਅਤੇ ਦੈਵੀ ਸ਼ਕਤੀਆਂ ਦੇ ਸੋਮੇ ਵਜੋਂ ਸਵੀਕਾਰਿਆ ਜਾਂਦਾ ਹੈ। ਇਹ ਦੇਵੀ-ਦੇਵਤੇ ਪੁਰਾਤਨ ਸਮੇਂ ਤੋਂ ਹੀ ਇਸ ਖੇਤਰ ਦੀ ਲੋਕ-ਮਾਨਸਿਕਤਾ ਅਤੇ ਸਭਿਆਚਾਰਕ ਚੇਤਨਾ ਦਾ ਅਟੁੱਟ ਅੰਗ ਰਹੇ ਹਨ। ਮਾਲਵਾ ਖੇਤਰ ਦੇ ਵਸਨੀਕਾਂ ਦਾ ਇਹ ਅਟੁੱਟ ਵਿਸ਼ਵਾਸ ਹੈ ਕਿ ਇਨ੍ਹਾਂ ਸ਼ਕਤੀਆਂ ਦੀ ਅਰਾਧਨਾ ਜਿੱਥੇ ਵਿਅਕਤੀਗਤ ਅਤੇ ਪਰਿਵਾਰਕ ਜੀਵਨ ਵਿੱਚ ਸੁਖ-ਸਾਂਦ ਤੇ ਖੁਸ਼ਹਾਲੀ ਲਿਆਉਂਦੀ ਹੈ ਉੱਥੇ ਹੀ ਇਨ੍ਹਾਂ ਦੀ ਮਰਯਾਦਾ ਦੀ ਉਲੰਘਣਾ ਜਾਂ ਅਣਦੇਖੀ ਮਨੁੱਖੀ ਜੀਵਨ ਲਈ ਦੈਵੀ ਕਰੋਪੀ ਦਾ ਕਾਰਨ ਵੀ ਬਣ ਸਕਦੀ ਹੈ। ਡਾ. ਸੋਹਿੰਦਰ ਸਿੰਘ ਵਣਜਾਰਾ ਬੇਦੀ ਦੀ ਵਿਚਾਰਧਾਰਾ ਹੈ "ਲੋਕ-ਧਰਮ ਵਿਚ ਜੋ ਵੀ ਪੂਜਾ-ਵਿਧੀਆਂ ਪ੍ਰਚਲਤ ਹਨ, ਉਨ੍ਹਾਂ ਵਿਚੋਂ ਸਭ ਤੋਂ ਪ੍ਰਥਮ ਸਥਾਨ ਪ੍ਰਾਰਥਨਾ ਦਾ ਹੈ। ਇਸ ਪ੍ਰਾਰਥਨਾ ਦਾ ਕੋਈ ਬੱਝਵਾ ਰੂਪ ਨਹੀਂ ਹੁੰਦਾ। ਬਸ ਅੰਤਰ-ਧਿਆਨ ਹੋ ਕੇ ਇਸ਼ਟ ਨੂੰ ਅਰਾਧਨਾ ਤੇ ਫਿਰ ਆਪਣੀ ਮੰਗ ਦੀ ਪੂਰਤੀ ਲਈ ਸੁੱਖਣਾ ਸੁੱਖਣੀ। ਉਸ ਦੀ ਅਰਦਾਸ ਆਤਮ ਕਲਿਆਣ ਲਈ ਨਹੀਂ ਹੁੰਦੀ, ਸਿਰਫ ਆਪਣੀ ਕਿਸੇ ਦੁਨਿਆਵੀ/ਪਦਾਰਥਕ ਲੋੜ ਦੀ ਪੂਰਤੀ ਲਈ ਹੁੰਦੀ ਹੈ।"[7] ਪੰਜਾਬ ਦੇ ਹੋਰਨਾਂ ਸਭਿਆਚਾਰਕ ਖਿੱਤਿਆਂ ਵਾਂਗ ਮਾਲਵੇ ਵਿੱਚ ਵੀ ਕੁਝ ਅਜਿਹੇ 'ਗਰਾਮ-ਦੇਵਤੇ' ਪੂਜੇ ਜਾਂਦੇ ਹਨ, ਜਿਨ੍ਹਾਂ ਦਾ ਅਧਿਕਾਰ ਖੇਤਰ ਪਿੰਡ ਦੀ ਭੂਗੋਲਿਕ ਸੀਮਾ ਤੱਕ ਹੀ ਸੀਮਿਤ ਹੁੰਦਾ ਹੈ। ਇਹ ਦੇਵਤੇ ਸਮੁੱਚੇ ਪਿੰਡ ਦੀ ਭੂਮੀ, ਪਸ਼ੂ-ਧਨ ਅਤੇ ਮਨੁੱਖੀ ਵਸੋਂ ਦੇ ਰੱਖਿਅਕ ਮੰਨੇ ਜਾਂਦੇ ਹਨ। ਇਨ੍ਹਾਂ ਦੀ ਮਾਨਤਾ ਸਥਾਨਕ ਪੱਧਰ 'ਤੇ ਇੰਨੀ ਪ੍ਰਬਲ ਹੈ ਕਿ ਹਰੇਕ ਪਿੰਡ ਦੇ ਆਪਣੇ ਵਿਲੱਖਣ ਦੇਵਤੇ ਅਤੇ ਉਨ੍ਹਾਂ ਨਾਲ ਜੁੜੀਆਂ ਵਿਸ਼ੇਸ਼ ਰਵਾਇਤਾਂ ਹਨ। ਡਾ. ਸੋਹਿੰਦਰ ਸਿੰਘ ਬੇਦੀ ਦੀ ਵਿਚਾਰਧਾਰਾ ਹੈ, "ਗਰਾਮ ਦਿਉਤਿਆਂ ਦੇ ਸਥਾਨ ਨੂੰ 'ਦੇਹਰ' ਕਿਹਾ ਜਾਂਦਾ ਹੈ। ਫਾਰਸੀ ਵਿਚ 'ਦੇਹ' ਪਿੰਡ ਨੂੰ ਕਹਿੰਦੇ ਹਨ ਤੇ 'ਦੇਹ' ਦਾ ਅਰਥ ਹੈ ਪਿੰਡ ਦਾ ਘਰ। 'ਦੇਹ' ਦਾ ਦੂਜਾ ਅਰਥ ਹੈ ਦੇਵ ਘਰ ਜਾਂ ਮੰਦਿਰ ਤੋਂ ਹੈ।"[8] ਮਲਵਈ ਸਮਾਜ ਵਿੱਚ ਸਤੀਆਂ, ਖੇਤਰਪਾਲ, ਭੂਮੀਆ, ਜਠੇਰਿਆਂ ਅਤੇ ਸ਼ਹੀਦਾਂ ਦੀ ਅਰਾਧਨਾ ਪ੍ਰਮੁੱਖ 'ਗਰਾਮ-ਦਿਉਤਿਆਂ' ਦੇ ਰੂਪ ਵਿੱਚ ਕੀਤੀ ਜਾਂਦੀ ਹੈ। ਮਲਵਈ ਲੋਕ-ਧਰਮ ਦੇ ਅੰਤਰਗਤ ਇਹ ਦੇਵੀ-ਦੇਵਤੇ ਕਿਸੇ ਪੁਰਾਣਿਕ ਪਰੰਪਰਾ ਦੀ ਥਾਂ ਇਸੇ ਵਿਸ਼ੇਸ਼ ਖਿੱਤੇ ਦੀ ਸਭਿਆਚਾਰਕ ਅਤੇ ਇਤਿਹਾਸਕ ਪੈਦਾਵਾਰ ਹਨ। ਇਨ੍ਹਾਂ ਮਹਾਂਪੁਰਖਾਂ ਦੇ ਜੀਵਨ ਨਾਲ ਜੁੜੀਆਂ ਅਨੇਕਾਂ ਅਧਿਭੌਤਿਕ (Metaphysical) ਅਤੇ ਕਰਾਮਾਤੀ ਦੰਦ-ਕਥਾਵਾਂ ਲੋਕ-ਮਾਨਸ ਦਾ ਹਿੱਸਾ ਬਣ ਚੁੱਕੀਆਂ ਹਨ। ਇਨ੍ਹਾਂ ਅਲੌਕਿਕ ਕਹਾਣੀਆਂ ਸਦਕਾ ਇਨ੍ਹਾਂ ਦਾ ਬਿੰਬ ਇਕ ਸਧਾਰਨ ਮਨੁੱਖ ਤੋਂ ਉੱਪਰ ਉੱਠ ਕੇ ਇਕ ਪਹੁੰਚੇ ਹੋਏ ਪੀਰ, ਫ਼ਕੀਰ ਜਾਂ ਦੈਵੀ ਪੁਰਸ਼ ਵਜੋਂ ਸਥਾਪਿਤ ਹੋ ਗਿਆ ਹੈ ਜੋ ਲੋਕਾਂ ਦੀਆਂ ਮਨੋਕਾਮਨਾਵਾਂ ਪੂਰੀਆਂ ਕਰਨ ਦੀ ਸਮਰੱਥਾ ਰੱਖਦੇ ਹਨ। ਇਨ੍ਹਾਂ ਸਥਾਨਕ ਦੇਵੀ-ਦੇਵਤਿਆਂ ਦੇ ਕਾਰਜ-ਖੇਤਰ ਅਤੇ ਇਨ੍ਹਾਂ ਦੀ ਪੂਜਾ-ਵਿਧੀ ਵਿੱਚ ਵੀ ਵੰਨ-ਸੁਵੰਨਤਾ ਦੇਖਣ ਨੂੰ ਮਿਲਦੀ ਹੈ। ਪੂਜਾ ਸਥਾਨਾਂ 'ਤੇ ਅਰਪਿਤ ਕੀਤੀਆਂ ਜਾਣ ਵਾਲੀਆਂ ਵਸਤਾਂ ਇਨ੍ਹਾਂ ਦੇ ਸਰੂਪ ਅਨੁਸਾਰ ਭਿੰਨ ਹਨ ਜਿਵੇਂ ਸਤੀਆਂ ਦੇ ਅਸਥਾਨ 'ਤੇ ਸ਼ਿੰਗਾਰ ਦੀ ਸਮੱਗਰੀ ਅਤੇ ਵਸਤਰ ਭੇਟ ਕੀਤੇ ਜਾਂਦੇ ਹਨ ਜਦਕਿ ਖੇਤਰਪਾਲ ਅਤੇ ਭੂਮੀਆ ਬਾਬੇ ਦੀ ਜਗ੍ਹਾ ਤੇਲ ਚੜ੍ਹਾਉਣ ਅਤੇ 'ਰੋਟ' ਅਰਪਿਤ ਕਰਨ ਦੀ ਪ੍ਰਥਾ ਪ੍ਰਚਲਿਤ ਹੈ। ਇਸੇ ਤਰ੍ਹਾਂ ਜਠੇਰਿਆਂ ਜਾਂ ਸ਼ਹੀਦਾਂ ਦੇ ਸਥਾਨ 'ਤੇ ਨਤਮਸਤਕ ਹੋ ਕੇ ਉਨ੍ਹਾਂ ਦੇ ਨਾਂ ਦੀ ਰੋਟੀ ਪਰਿਵਾਰ ਦੇ ਕਿਸੇ ਬਜ਼ੁਰਗ ਨੂੰ ਖਵਾਈ ਜਾਂਦੀ ਹੈ। ਮਲਵਈ ਜੀਵਨ-ਜੁਗਤ ਵਿੱਚ ਇਨ੍ਹਾਂ ਦੇਵਤਿਆਂ ਦੀ ਅਹਿਮੀਅਤ ਇੰਨੀ ਜ਼ਿਆਦਾ ਹੈ ਕਿ ਵਿਆਹ ਉਪਰੰਤ ਨਵ-ਵਿਆਹੁਤਾ ਜੋੜੇ ਵੱਲੋਂ ਆਪਣੇ ਖ਼ਾਨਦਾਨੀ ਜਾਂ ਸਥਾਨਕ ਦੇਵੀ-ਦੇਵਤਿਆਂ ਦੇ ਦਰ 'ਤੇ ਸ਼ੁਕਰਾਨੇ ਵਜੋਂ ਮੱਥਾ ਟੇਕਣਾ ਇਕ ਲਾਜ਼ਮੀ ਸਭਿਆਚਾਰਕ ਰੀਤ ਮੰਨੀ ਜਾਂਦੀ ਹੈ।

ਸਮੁੱਚੀ ਵਿਚਾਰ-ਚਰਚਾ ਦੇ ਆਧਾਰ 'ਤੇ ਇਹ ਨਿਸ਼ਕਰਸ਼ ਕੱਢਿਆ ਜਾ ਸਕਦਾ ਹੈ ਕਿ ਮਲਵਈ ਸਮਾਜਿਕ ਸੰਗਠਨ ਵਿੱਚ ਧਰਮ, ਜਾਤ, ਗੋਤ ਅਤੇ ਕਿੱਤੇ ਦੇ ਆਧਾਰ 'ਤੇ ਬਹੁਤ ਸਾਰੀਆਂ ਸਭਿਆਚਾਰਕ ਵੰਨ-ਸੁਵੰਨਤਾਵਾਂ ਮੌਜੂਦ ਹਨ। ਇਨ੍ਹਾਂ ਵਖਰੇਵਿਆਂ ਦੇ ਪ੍ਰਸੰਗ ਵਿੱਚ ਜੇਕਰ ਸਥਾਨਕ ਦੇਵੀ-ਦੇਵਤਿਆਂ ਦੇ ਸੰਕਲਪ ਨੂੰ ਵੇਖਿਆ ਜਾਵੇ ਤਾਂ ਇਹ ਸਪੱਸ਼ਟ ਹੁੰਦਾ ਹੈ ਕਿ ਕਿਸੇ ਵੀ ਖਿੱਤੇ ਦੇ ਸਥਾਨਿਕ ਦੇਵੀ-ਦੇਵਤੇ ਉੱਥੋਂ ਦੇ ਆਰਥਿਕ ਅਤੇ ਭੂਗੋਲਿਕ ਸਰੋਤਾਂ ਦੀ ਹੀ ਉਪਜ ਹੁੰਦੇ ਹਨ। ਮਾਲਵਾ ਖੇਤਰ ਵਿਭਿੰਨ ਜਾਤੀਆਂ ਅਤੇ ਧਰਮਾਂ ਦਾ ਸੰਗਮ ਹੋਣ ਕਰਕੇ ਇੱਥੇ ਕਿੱਤਿਆਂ ਦੀ ਪ੍ਰਕਿਰਤੀ ਅਨੁਸਾਰ ਸਥਾਨਕ ਦੇਵੀ-ਦੇਵਤਿਆਂ ਦੀ ਮਾਨਤਾ ਵਿੱਚ ਵੀ ਵਖਰੇਵਾਂ ਪਾਇਆ ਜਾਂਦਾ ਹੈ। ਖੇਤਰੀ ਖੋਜ ਅਤੇ ਵਿਸ਼ਲੇਸ਼ਣ ਤੋਂ ਇਹ ਤੱਥ ਉੱਭਰ ਕੇ ਸਾਹਮਣੇ ਆਉਂਦਾ ਹੈ ਕਿ ਸਥਾਨਕ ਦੇਵੀ-ਦੇਵਤਿਆਂ ਪ੍ਰਤੀ ਸ਼ਰਧਾ ਸਿੱਧੇ ਤੌਰ 'ਤੇ ਸਾਡੇ **ਲੋਕ-ਕਿੱਤਿਆਂ** ਨਾਲ ਜੁੜੀ ਹੋਈ ਹੈ। ਖੇਤੀਬਾੜੀ ਦੇ ਕਿੱਤੇ ਨਾਲ ਜੁੜੇ ਜੱਟ ਸਿੱਖ ਅਤੇ ਮਜ਼ਬੀ ਸਿੱਖ ਪਰਿਵਾਰ ਵਿਆਹ ਦੀਆਂ ਰਸਮਾਂ ਦੌਰਾਨ 'ਖੇਤਰਪਾਲ' ਅਤੇ 'ਭੂਮੀਆ' ਦੇਵਤੇ ਦੀ ਅਰਾਧਨਾ ਨੂੰ ਵਿਸ਼ੇਸ਼ ਮਹੱਤਵ ਦਿੰਦੇ ਹਨ ਕਿਉਂਕਿ ਲੋਕ-ਵਿਸ਼ਵਾਸ ਅਨੁਸਾਰ ਇਹ ਸ਼ਕਤੀਆਂ ਭੂਮੀ ਅਤੇ ਉਪਜ ਦੀਆਂ ਰੱਖਿਅਕ ਹਨ। ਇਸੇ ਤਰ੍ਹਾਂ 'ਖੇੜਾ ਦਿਉਤਾ' ਸਮੁੱਚੇ ਪਿੰਡ ਦੇ ਜੀਆਂ ਅਤੇ ਪਸ਼ੂ-ਧਨ ਦੀ ਸੁਰੱਖਿਆ ਦਾ ਪ੍ਰਤੀਕ ਮੰਨਿਆ ਜਾਂਦਾ ਹੈ ਜਦਕਿ 'ਸੀਮਾ ਦਿਉਤਾ' ਪਿੰਡ ਦੀ ਭੂਗੋਲਿਕ ਹੱਦ ਅੰਦਰ ਬਿਮਾਰੀਆਂ ਅਤੇ ਅਸ਼ੁੱਭ ਸ਼ਕਤੀਆਂ ਦੇ ਪ੍ਰਵੇਸ਼ ਨੂੰ ਰੋਕਣ ਵਾਲਾ ਪਹਿਰੇਦਾਰ ਸਵੀਕਾਰਿਆ ਜਾਂਦਾ ਹੈ। ਬਾਣੀਏ, ਰਾਮਦਾਸੀਏ, ਪਰਜਾਪਤ ਅਤੇ ਝਿਉਰ ਆਦਿ ਜਾਤੀਆਂ ਵਿੱਚ ਵੀ ਖੇੜਾ ਅਤੇ ਸੀਮਾ ਦਿਉਤੇ ਪ੍ਰਤੀ ਅਥਾਹ ਆਸਥਾ ਪਾਈ ਜਾਂਦੀ ਹੈ। ਮਾਲਵੇ ਦੀ ਇਹ ਵਿਲੱਖਣਤਾ ਹੈ ਕਿ ਇੱਥੇ ਸਿੱਖ, ਹਿੰਦੂ, ਇਸਲਾਮ ਅਤੇ ਈਸਾਈ ਧਰਮਾਂ ਦੇ ਪੈਰੋਕਾਰ ਆਪਣੀਆਂ ਸੰਸਥਾਗਤ ਧਾਰਮਿਕ ਮਰਯਾਦਾਵਾਂ ਦੇ ਨਾਲ-ਨਾਲ ਇਨ੍ਹਾਂ ਸਥਾਨਿਕ ਲੋਕ-ਵਿਸ਼ਵਾਸਾਂ ਨੂੰ ਵੀ ਬਾਖ਼ੂਬੀ ਨਿਭਾਉਂਦੇ ਹਨ। ਅੰਤ ਵਿੱਚ ਕਿਹਾ ਜਾ ਸਕਦਾ ਹੈ ਕਿ ਮਲਵਈ ਲੋਕ ਆਪਣੇ ਵਿਸ਼ੇਸ਼ ਅਕੀਦਿਆਂ, ਪਰੰਪਰਾਵਾਂ ਅਤੇ ਆਰਥਿਕ-ਸਮਾਜਿਕ ਹਾਲਾਤਾਂ ਅਨੁਸਾਰ ਵਿਆਹ ਦੀਆਂ ਰਸਮਾਂ ਨੂੰ ਇਕ ਅਜਿਹੀ ਜੁਗਤ ਵਿੱਚ ਪਰੋਂਦੇ ਹਨ, ਜਿੱਥੇ ਧਰਮ ਅਤੇ ਲੋਕ-ਧਰਮ ਇਕ-ਦੂਜੇ ਦੇ ਪੂਰਕ ਬਣ ਕੇ ਸਾਹਮਣੇ ਆਉਂਦੇ ਹਨ।

ਮਾਲਵਾ ਖਿੱਤੇ ਦੇ ਵਿਆਹ ਸੰਸਕਾਰ ਵਿੱਚ ਧਰਮ ਅਤੇ ਲੋਕ-ਧਰਮ ਦੋ ਅਜਿਹੇ ਮਹੱਤਵਪੂਰਨ ਧੁਰੇ ਹਨ ਜੋ ਸਮਾਜਿਕ ਕੀਮਤਾਂ ਅਤੇ ਵਿਅਕਤੀਗਤ ਵਿਸ਼ਵਾਸਾਂ ਨੂੰ ਨਿਰੰਤਰ ਗਤੀਸ਼ੀਲਤਾ ਪ੍ਰਦਾਨ ਕਰਦੇ ਹਨ। ਜਿੱਥੇ '**ਧਰਮ**' ਆਪਣੇ ਸੰਸਥਾਗਤ ਸਰੂਪ, ਲਿਖਤੀ ਵਿਧਾਨ ਅਤੇ ਵਿਸ਼ਵ-ਵਿਆਪੀ ਦਾਰਸ਼ਨਿਕ ਸਿਧਾਂਤਾਂ ਰਾਹੀਂ ਮਨੁੱਖ ਨੂੰ ਇਕ ਅਨੁਸ਼ਾਸਿਤ ਜੀਵਨ-ਜੁਗਤ ਅਤੇ ਰੂਹਾਨੀ ਤ੍ਰਿਪਤੀ ਵੱਲ ਪ੍ਰੇਰਿਤ ਕਰਦਾ ਹੈ, ਉੱਥੇ '**ਲੋਕ-ਧਰਮ**' (Folk Religion) ਕਿਸੇ ਖ਼ਾਸ ਖਿੱਤੇ ਦੀਆਂ

ਸਥਾਨਕ ਲੋੜਾਂ, ਪਰੰਪਰਾਵਾਂ ਅਤੇ ਲੋਕ-ਮਾਨਸਿਕਤਾ ਦੀ ਉਪਜ ਹੁੰਦਾ ਹੈ। ਲੋਕ-ਧਰਮ ਅਸਲ ਵਿੱਚ ਧਰਮ ਦਾ ਉਹ ਰੂਪ ਹੈ ਜੋ ਸਿਧਾਂਤਕ ਗਿਆਨ ਦੀ ਥਾਂ ਮਨੁੱਖੀ ਤਜ਼ਰਬਿਆਂ, ਡਰਾਂ ਅਤੇ ਦੁਨਿਆਵੀ ਉਮੰਗਾਂ ਵਿੱਚੋਂ ਪੈਦਾ ਹੁੰਦਾ ਹੈ। ਮਾਲਵਾ ਖੇਤਰ ਦੇ ਸੰਦਰਭ ਵਿੱਚ ਧਰਮ ਅਤੇ ਲੋਕ-ਧਰਮ ਦੋਵੇਂ ਧਾਰਾਵਾਂ ਇਕ-ਦੂਜੇ ਵਿੱਚ ਅਜਿਹੀਆਂ ਰਚੀਆਂ-ਵਸੀਆਂ ਹੋਈਆਂ ਹਨ ਕਿ ਇਨ੍ਹਾਂ ਨੂੰ ਨਿਖੇੜਨਾ ਲਗਭਗ ਅਸੰਭਵ ਹੈ। ਜਿੱਥੇ ਵਿਆਹ ਵਰਗੇ ਵੱਡੇ ਕਾਰਜਾਂ ਸਮੇਂ ਮੁੱਖ ਧਾਰਮਿਕ ਗ੍ਰੰਥਾਂ ਦੀ ਮਰਯਾਦਾ ਨਿਭਾਈ ਜਾਂਦੀ ਹੈ ਉੱਥੇ ਨਾਲ ਹੀ ਪੁਰਖਿਆਂ (ਜਠੇਰਿਆਂ) ਅਤੇ ਕੁਦਰਤੀ ਸ਼ਕਤੀਆਂ (ਖੇਤਰਪਾਲ, ਭੂਮੀਆ) ਦੀ ਅਰਾਧਨਾ ਵੀ ਆਪਣੀ ਮਿੱਟੀ, ਕਿੱਤੇ ਅਤੇ ਪੁਰਖਿਆਂ ਨਾਲ ਜੁੜੇ ਡੂੰਘੇ ਮੋਹ ਦਾ ਪ੍ਰਗਟਾਵਾ ਹੈ। ਵਿਆਹ ਦੀਆਂ ਰਸਮਾਂ ਦੌਰਾਨ ਇਨ੍ਹਾਂ ਦੋਵਾਂ ਸ਼ਕਤੀਆਂ ਦੀ ਮੌਜੂਦਗੀ ਮਾਲਵਾ ਖਿੱਤੇ ਦੇ ਸਮਾਜਿਕ ਤਾਣੇ-ਬਾਣੇ ਦੀ ਮਜ਼ਬੂਤੀ ਅਤੇ ਸਭਿਆਚਾਰਕ ਨਿਰੰਤਰਤਾ ਦਾ ਸਭ ਤੋਂ ਵੱਡਾ ਪ੍ਰਮਾਣ ਹੈ।

## ਹਵਾਲੇ ਅਤੇ ਟਿੱਪਣੀਆਂ


1. ਡੀ.ਆਰ. ਸਚਦੇਵ, ਸਮਾਜ-ਵਿਗਿਆਨ, ਪੈਪਸੂ ਬੁਕ ਡਿਪੂ, ਪਟਿਆਲਾ,1974, ਪੰਨਾ- 145
2. ਡਾ. ਰਤਨ ਸਿੰਘ ਜੱਗੀ, ਸਿੱਖ ਪੰਥ ਵਿਸ਼ਵਕੋਸ਼, ਭਾਗ ਦੂਜਾ, ਗੁਰ ਰਤਨ ਪਬਲਿਸ਼ਰਜ਼, ਪਟਿਆਲਾ, 2005, ਪੰਨਾ-1563
3. ਡਾ. ਰਾਜਵੰਤ ਕੌਰ ਪੰਜਾਬੀ, ਪਾਣੀ ਵਾਰ ਬੰਨੇ ਦੀਏ ਮਾਏ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2005, ਪੰਨਾ-53
4. ਰਾਮੇਸ਼ਵਰਦਾਸ ਗੁਪਤਾ, ਵਿਵਾਹ-ਪਦਤੀ, ਤ੍ਰਿਛਾ ਪ੍ਰਕਾਸ਼ਨ, ਨਵੀਂ ਦਿੱਲੀ, 2010, ਪੰਨਾ-21
5. ਮੌਲਾਨਾ ਜਲੀਲ ਅਹਿਸਨ ਨਕਵੀ, ਰਾਹੇ ਅਮਲ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1987, ਪੰਨਾ-68
6. ਜੋਸ਼.ਡੀ. ਸਾਈਪਰ, ਸਖਸ਼ਿਪਤ ਧਰਮਵਿਧੀ, ਦੀ ਲਿਟਰੋਜੀਕਲ ਕਮਿਸ਼ਨ ਆਫ ਨੌਰਥ, ਇੰਡੀਆ, 2010, ਪੰਨਾ-214
7. ਡਾ. ਸੋਹਿੰਦਰ ਸਿੰਘ ਵਣਜਾਰਾ ਬੇਦੀ, ਲੋਕ ਧਰਮ, ਨੈਸ਼ਨਲ ਬੁਕ ਸ਼ਾਪ, ਦਿੱਲੀ, 2000, ਪੰਨਾ-16
8. ਉਹੀ, ਪੰਨਾ-105